ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਕੁੰਡਲੀਆ ਅਠੌਤਰੀ



ਹਰਭਜਨ ਸਿੰਘ ਰਾਜ਼ਾ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਕੁੰਡ਼ਲੀਆ ਅਠੌਤਰੀ

ਹਰਭਜਨ ਸਿੰਘ ਰਾਜ਼ਾ

ਕੁੰਡਲੀਆ ਅਠੋਂਤਰੀ

Kundliya Atohatari

ਪਹਿਲੀ ਵਾਰ - 2013

ਲੇਖਕ - ਹਰਭਜਨ ਸਿੰਘ ਰਾਜ਼ਾ

ਏਸੇ ਕਲਮ ਤੋਂ - ਮਹਿਕਾਂ, ਅਣਖੀ ਸੂਰਮੇ, ਚੌਜੀ ਪ੍ਰੀਤਾ
ਹੱਥਲੀ ਕੁੰਡਲੀਆਂ ਦੀ ਅਠੋਂਤਰੀ,
ਸ਼ਰਧਾ ਭਿੱਜੇ ਬੋਲ (ਪ੍ਰੈਸ ਵਿੱਚ)

ਸਹਿਯੋਗ - ਨਾਮਧਾਰੀ ਪੰਜਾਬੀ ਸਾਹਿਤ ਸਭਾ,
ਸ੍ਰੀ ਜੀਵਨ ਨਗਰ, ਸਿਰਸਾ (ਹਰਿਆਣਾ)

ਪ੍ਰਕਾਸ਼ਕ - ਸੰਤ ਤਰਨ ਸਿੰਘ ਵਹਿਮੀ ਸਾਹਿਤ ਪ੍ਰਕਾਸ਼ਨ
ਪਿੰਡ ਬੁਢੀਮਾੜੀ (ਰਾਮਪੁਰ) ਜਿਲ੍ਹਾ ਸਿਰਸਾ

ਛਾਪਕ - ਐਲਨਾਬਾਦ ਪ੍ਰਿੰਟਰਜ਼,
ਸ਼ਾਸਤਰੀ ਮਾਰਕਿਟ, ਐਲਨਾਬਾਦ
ਮੋ. 93153 21081

ਮੁੱਲ - 120/ ਰੁਪਏ

ਸਮਰਪਿੱਤ

ਚਾਰ ਗੁਰੂਆਂ ਨੂੰ -

- ਸ੍ਰੀ ਸਤਿਗੁਰੂ ਰਾਮ ਸਿੰਘ ਜੀ
- ਸ੍ਰੀ ਸਤਿਗੁਰੂ ਹਰੀ ਸਿੰਘ ਜੀ
- ਸ੍ਰੀ ਸਤ੍ਿਗਰੁ ਪ੍ਰਤਾਪ ਸਿੰਘ ਜੀ
- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਵਾਸਤੇ ਅੰਗਰੇਜ ਨਾਲ ਨਾ ਮਿਲਵਰਤਨ ਲਹਿਰ ਚਲਾਈ ਜਿਨ੍ਹਾ ਨੂੰ ਅੰਗਰੇਜ਼ ਨੇ ਜਲਾ ਵਤਨ ਕਰ ਦਿੱਤਾ, ਜਿਨ੍ਹਾਂ ਦੀ ਬਦੌਲਤ ਦੇਸ਼ ਅਜ਼ਾਦ ਹੋਇਆ।

ਸ੍ਰੀ ਗੁਰੂ ਹਰੀ ਸਿੰਘ ਜੀ ਨੇ ਸਿੱਖੀ ਹਰੀ ਰੱਖੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਡਤ ਜਵਾਹਰ ਲਾਲ ਨਹਿਰੂ ਨਾਲ ਕਦਮ ਨਾਲ ਕਦਮ ਮਿਲਾ ਕੇ ਸੰਗਰਾਮ ਜਾਰੀ ਰੱਖਿਆ ਅਤੇ ਦੇਸ਼ ਦੀ ਵੰਡ ਸਮੇਂ ਸ੍ਰੀ ਜੀਵਨ ਨਗਰ ਦਾ ਇਲਾਕਾ ਵਸਾਇਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਹੁਤ ਕੰਮ ਕੀਤੇ ਅਤੇ ਸੁਖ ਪ੍ਰਦਾਨ ਕੀਤੇ।

ਕੁਝ ਆਪਣੇ ਬਾਰੇ

ਮੈਂ ਹਰਭਜਨ ਸਿੰਘ ਰਾਜ੍ਹਾ ਇਹਨਾਂ ਗੁਰੂਆਂ ਦੀ ਕ੍ਰਿਪਾ ਸਦਕਾ ਹੀ ਇਹ ਕੁੰਡਲੀਆ ਅਠੌਂਤਰੀ ਪਾਠਕਾਂ ਦੀ ਝੋਲੀ ਪਾ ਰਿਹਾ ਹਾਂ, ਜਿਸ ਅਠੌਂਤਰੀ ਮਾਲਾ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 108 ਗੋਲੇ ਦੀ ਤੋਪ ਕਹਿ ਕੇ ਅੰਗਰੇਜ਼ ਨੂੰ ਧਮਕੀ ਦਿੱਤੀ ਸੀ। ਮੇਰਾ ਜਨਮ ਪਿੰਡ ਰਾਜ੍ਹਾ ਜਿਲ੍ਹਾ ਗੁਜ਼ਰਾਂ ਵਾਲਾ, ਪਾਕਿਸਤਾਨ ਵਿਖੇ 01-12-1945 ਨੂੰ ਪਿਤਾ ਸ. ਪਿਆਰਾ ਸਿੰਘ ਅਤੇ ਮਾਤਾ ਸ੍ਰੀਮਤੀ ਮਾਨ ਕੌਰ ਦੀ ਕੁਖੋਂ ਹੋਇਆ। ਹਾਲ ਨਿਵਾਸ ਐਲਨਾਬਾਦ (ਹਰਿਆਣਾ) ਵਿਖੇ ਰਹਿ ਰਿਹਾ ਹਾਂ।

ਇਹ ਸਭ ਕੁਝ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੀ ਦੇਨ ਹੈ, ਮੈਂ ਸਭਾ ਦਾ ਧੰਨਵਾਦੀ ਹਾਂ।

ਹਰਭਜਨ ਸਿੰਘ ਰਾਜ੍ਹਾ
ਮੋ. 94168 80763

ਕੁੰਡਲੀਏ ਦੀ ਅਠੋਤਰੀ ਫੇਰਨ ਵਾਲਾ

– ਹਰਭਜਨ ਸਿੰਘ ਰਾਜ੍ਹਾ

ਹਰਭਜਨ ਸਿੰਘ ਰਾਜ੍ਹਾਂ ਨੂੰ ਮੈਂ ਜਨਮਜਾਤ ਕਵੀ ਮੰਨਦਾ ਹਾਂ। ਕਵਿਤਾ ਉਸ ਨੂੰ ਉਸਦੇ ਚੌਗਿਰਦੇ ਵਿਚੋਂ ਮਿਲੀ ਹੈ। ਉਹ ਕਿਰਤੀ ਵਰਗ ਨਾਲ ਸੰਬੰਧਿਤ, ਉਹ ਕਵੀ ਹੈ ਜਿਸ ਨੇ ਰੋਟੀ ਰੋਜ਼ੀ ਲਈ ਅਧਿਆਤਮ ਨੂੰ ਵੀ ਇਕ ਸਹਾਰੇ ਵਜੋਂ ਵਰਤਿਆ ਹੈ। ਉਸ ਦਾ ਭਾਈ ਚਾਰਾ ਸਫਲ ਕਿਸਾਨ, ਸਫਲ ਵਿਉਪਾਰੀ, ਸਫਲ ਵਯਵਸਾਈ ਹੈ। ਰਾਜ੍ਹਾਂ ਮੇਰੀ ਜਾਚੇ ਸਫਲ ਕਵੀ ਹੈ ਕਿਉਂਕਿ ਕਵਿਤਾ ਲਈ ਉਸਨੇ ਕਦੇ ਵਿਸ਼ੇਸ਼ ਤਰੱਦਦ ਨਹੀਂ ਕਰਨਾ ਪੈਂਦਾ। ਕਠੋਰ ਜੀਵਨ ਪੰਧ ਨੇ ਉਸ ਨੂੰ ਅਨੁਭਵ ਦੀ ਅਮੀਰੀ ਬਖਸ਼ੀ ਹੈ। ਆਪਣਿਆਂ ਤੇ ਬੇਗਾਨਿਆਂ ਦੇ ਦਰਦ ਨੂੰ ਵੀ ਉਸ ਨੇ ਬੜੀ ਸ਼ਿਦਤ ਨਾਲ ਮਹਿਸੂਸਿਆ ਹੈ ਅਤੇ ਦਰਦਮੰਦਾਂ ਦੀਆਂ ਆਰਾਂ ਹੀ ਸਮੇਂ ਸਮੇਂ ਕਵਿਤਾ ਵਿੱਚ ਵਟਦੀਆਂ ਰਹੀਆਂ ਹਨ। ਰਾਜ੍ਹਾ ਇਸ ਤੋਂ ਪਹਿਲਾਂ ਵੀ ਚਾਰ ਕਾਵਿ ਸੰਗ੍ਰਹਿ ਪੰਜਾਬੀ ਸਾਹਿਬ ਜਗਤ ਦੀ ਝੋਲੀ ਵਿੱਚ ਪਾ ਚੁੱਕਾ ਹੈ। ਕਿਉਂਕਿ ਉਹ ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ (ਸਿਰਸਾ) ਦਾ ਉੱਘਾ ਰੁਕਨ ਹੈ। ਉਸ ਦੀਆਂ ਪਹਿਲੀਆਂ ਕਾਵਿ ਰਚਨਾਵਾਂ ਵਿੱਚ ਨਾਮਧਾਰੀ ਗੁਰੂ ਸਾਹਿਬਾਨ, ਕੂਕਾ ਲਹਿਰ ਦੀਆਂ ਮਹਾਨ ਕੁਰਬਾਨੀਆਂ, ਨਾਮਧਾਰੀ ਜੀਵਨ ਜਾਚ ਦਾ ਜੱਸ ਗਾਨ ਹੈ। ਹੱਥਲੀ ਪੁਸਤੱਕ ਨਾਲ ਰਾਜ੍ਹਾ ਪੰਜਾਬੀ ਕਵਿਤਾ ਨੂੰ ਵਿਧਾ ਅਤੇ ਵੰਨਗੀ ਦੇ ਪੱਖੋਂ, ਇਸ ਦੇ ਅਮੀਰ ਪਿਛੋਕੜ ਨਾਲ ਜੋੜਕੇ, ਅਜੋਕੀ ਕਵਿਤਾ ਨੂੰ ਰਵਾਇਤ ਦੇ ਨਾਲ ਜੋੜਨ ਦਾ ਉਪਰਾਲਾ ਕਰਦਾ ਹੈ। ਉਹ ਅਜੋਕੇ ਸਮੇਂ ਦੀਆਂ ਸਮੱਸਿਆਵਾਂ ਨੂੰ ਮੁਖਾਤਿਬ ਹੋਣ ਲਈ ਲੋਕ ਕਾਵਿ ਦੇ ਨੇੜੇ ਵਿਚਰਨ ਵਾਲੇ ਕੁੰਡਲੀਆ ਛੰਦ ਦੀ ਵਰਤੋਂ ਦੁਆਰਾ ਆਧੁਨਿਕਤਾ ਅਤੇ ਪੁਰਾਂਤਨਤਾ ਦੀ ਜੁਗਲ ਬੰਦੀ ਕਰਦਾ ਹੈ।

ਪੰਜਾਬੀ ਕਾਵਿ ਵਿੱਚ ਕੁੰਡਲੀਆ ਛੰਦ ਦੀ ਵਰਤੋਂ ਬ੍ਰਜ ਰਚਨਾਵਾਂ ਦੁਆਰਾ ਆਈ ਹੈ। ਤਰਨ ਤਾਰਨ ਦੇ ਪਾਸ ਮੂਸੇ ਪਿੰਡ ਵਿੱਚ ਉਨ੍ਹਵੀਂ ਸੱਦੀ ਦੇ ਅੱਧ ਦੇ ਲਾਗੇ ਚਾਗੇ ਜਨਮਿਆ, ਕਵੀ

ਗਿਰਧਰ, ਆਪਣੀਆਂ ਕੁੰਡਲੀਆਂ ਦੁਆਰਾ ਦੇਸ਼ ਭਰ ਵਿੱਚ ਮਕਬੂਲ ਹੋਇਆ। ਵੀਹਵੀਂ ਸਦੀ ਦੇ ਹਾਣੀ ਪੰਜਾਬੀ ਕਵੀ, ਗੁਰਬਖਸ਼ ਸਿੰਘ ਉਰਫ ਗੋਧਾ ਸਿੰਘ ਜੱਟ ਦੀਆਂ ਪੰਜਾਬੀ ਕੁੰਡਲੀਆਂ "ਪਾਖੰਡੀਆਂ ਦਾ ਜਾਲ" ਨਾਮ ਹੇਠ 1921-22 ਈ. ਵਿੱਚ ਪਹਿਲੀ ਵੇਰ ਛਪੀਆਂ ਸਨ। ਇਹ ਵਹਿਮਪ੍ਰਸਤੀ ਅਤੇ ਫਿਰਕਾਪ੍ਰਸਤੀ ਤੇ ਵੱਡਾ ਹੱਲਾ ਬੋਲਦੀਆਂ ਸਨ। ਪਰ ਮੇਰੀ ਘੋਲ ਸਦਕਾ, ਅਜੇ ਇਹ ਸਾਰੀਆਂ ਕੁੰਡਲੀਆਂ ਗੋਧਾ ਸਿੰਘ ਜੱਟ ਦੀ ਸਮੁੱਚੀ ਰਚਨਾਵਲੀ ਦੇ ਰੂਪ ਵਿੱਚ ਆਮ ਪਾਠਕਾਂ ਤੱਕ ਨਹੀਂ ਪੁੱਜੀਆਂ। ਕਵੀ ਮਿੱਤਰ ਹਰਭਜਨ ਸਿੰਘ ਰਾਜ੍ਹਾ ਆਪਣੀਆਂ ਕੁੰਡਲੀਆਂ ਛਪਵਾਉਣ ਵਿੱਚ ਸਫਲ ਹੋਕੇ, ਇੱਕੀਵੀਂ ਸੱਦੀ ਤੱਕ ਪੰਜਾਬੀ ਕੁੰਡਲੀਏ ਨੂੰ ਪੁਚਾਉਣ ਵਿੱਚ ਸਫਲ ਹੋਇਆ ਹੈ।

ਇਸ ਕਵਿਤਾ ਦਾ ਵਿਚਾਰਕ ਪਹਿਰਨ ਤਾਂ ਸਾਡੀ ਗੁਰਬਾਣੀ ਵਾਲਾ ਅਦਿਆਤਮਵਾਦ ਹੀ ਹੈ। ਕਿਤੇ ਕਿਤੇ ਕਵੀ ਅਜੋਕੇ ਜੁੱਗ ਦੀਆਂ ਸਮੱਸਿਆਂਵਾਂ ਪਰਿਆਵਰਣ, ਨਸ਼ੇ ਆਦਿ ਦਾ ਵੀ ਜ਼ਿਕਰ ਕਰਦਾ ਹੈ। ਕੁਝ ਪੁਰਾਤਨ ਮਿਥਿਹਾਸਕ ਪਾਤਰਾਂ ਨੂੰ ਉਸ ਰਚਨਾ ਦਾ ਵਿਸ਼ਾ ਬਣਾਇਆ ਹੈ। ਸਾਧੂ ਦਇਆ ਸਿੰਘ ਆਪਣੇ ਕਿੱਸੇ ਜ਼ਿੰਦਗੀ ਬਿਲਾਸ ਵਿੱਚ, ਬਜ਼ੁਰਗੀ ਸਮੇਂ ਰੱਬ ਚੇਤੇ ਆਉਣ ਦੀ, ਗੱਲ ਕਰਦਾ ਹੈ।

"ਦੈਆ ਸਿੰਘ ਅਠੋਤਰੀ ਪਕੜ ਮਾਲਾ,
ਰੁੱਸੇ ਰੱਬ ਨੂੰ ਫੇਰ ਮਨਾਉਣ ਲੱਗਾ।"

ਕਿਉਂਕਿ ਹਰਭਜਨ ਸਿੰਘ ਰਾਜ੍ਹਾ ਕਵੀ ਹੈ ਅਤੇ ਬੁੱਢਾ ਵੀ ਹੋ ਗਿਆ ਹੈ, ਇਸ ਲਈ ਉਸਨੇ ਰੱਬ ਨੂੰ, ਜੇ ਕੋਈ ਹੈ ਅਤੇ ਜੇ ਉਸ ਤੋਂ ਰੁੱਸਿਆ ਹੋਇਆ ਸਮਝਦਾ ਹੈ ਤਾਂ ਉਨਦੀਆਂ ਮਾਲਾ ਦੀ ਥਾਂ ਉਸਨੇ ਕੁੰਡਲੀਏ ਦੀ ਅਠੋਤਰੀ ਫੇਰ ਛੱਡੀ ਹੈ। ਸੰਗ੍ਰਹਿ ਦੀਆਂ ਕੁੰਡਲੀਆਂ ਦੀ ਗਿਣਤੀ ੧੦੮ ਹੈ। ਉਮੀਦ ਹੈ ਰਾਜਾ ਜੀ ਸੱਦਗਤੀ ਨੂੰ ਪਰਾਪਤ ਹੋਣਗੇ ਅਤੇ ਹੋਰ ਮੋਖ ਅਭਿਲਾਖੀ ਵੀ ਇਸ ਦੇ ਪਾਠ ਦਾ ਲਾਹਾ ਜ਼ਰੂਰ ਲੈਣਗੇ।

ਸੁਵਰਨ ਸਿੰਘ ਵਿਰਕ
ਕਰੀਵਾਲਾ (ਸਿਰਸਾ)

ਤਤਕਰਾ

ਅਰਜੋਈ

ਕਾਨੀ ਪਕੜੀ ਹੱਥ ਵਿਚ ਲੈ ਗੁਰਾਂ ਦੀ ਓਟ
ਕਿਰਪਾ ਕਰਨੀ ਦਾਸ ਤੇ ਦਿਲ ਨਾ ਆਵੇ ਖੋਟ
ਦਿਲ ਨਾ ਆਵੇ ਖੋਟ ਸੀਸ ਹਾਂ ਚਰਨੀ ਧਰਦਾ
ਸਰਸਵਤੀ ਤੋਂ ਬਿਨਾ ਵੀ ਨਾ ਕੰਮ ਹੈ ਸਰਦਾ
ਕਹੇ ਰਾਜ਼ਾ ਹਰਭਜਨ ਕੋਈ ਨਾ ਜਿਸ ਦਾ ਸਾਨੀ
ਲੈਕੇ ਓਟ ਮੈਂ ਓਸ ਦੀ ਹੱਥ ਪਕੜੀ ਕਾਨੀ

ਮਹਿਮਾ

ਮਹਿਮਾ ਜਿਸਦੀ ਗਾ ਨਹੀ ਸਕਦੇ ਵੇਦ ਗਰੰਥ
ਹਰ ਥਾਂ ਤੇ ਜੋ ਵੱਸਦਾ ਸਾਰਾ ਜਿਸ ਦਾ ਪੰਥ
ਸਾਰਾ ਜਿਸ ਦਾ ਪੰਥ ਹੈਨ ਸਭ ਉਸਦੇ ਬੰਦੇ
ਸਭ ਜਗਤ ਨੂੰ ਜਿਸਨੇ ਹੈ ਲਾਇਆ ਧੰਦੇ
ਕਹੇ ਰਾਜ਼ਾ ਹਰਭਜਨ ਕਰੇ ਜੋ ਸਭ ਤੇ ਰਹਿਮਾ
ਸਹਿਸ ਫੱਣੀ ਤੋਂ ਗਾਈ ਨਾ ਗਈ ਜਿਸਦੀ ਮਹਿਮਾ

ਅਲਪ ਅਹਾਰੀ

ਖਾਂਦਾ ਪੀਂਦਾ ਨਹੀ ਹੈ ਜੋ ਪੌਣ ਅਹਾਰੀ
ਵੱਸਦੀ ਜਿਸ ਦੀ ਨ੍ਹਿਗਾ ਵਿੱਚ ਹੈ ਖਲਕਤ ਸਾਰੀ
ਖਲਕਤ ਸਾਰੀ ਵੱਸਦੀ ਜੋ ਸਭ ਦਾ ਮਾਲਕ
ਨਾ ਕੋ ਦੁਸ਼ਮਨ ਮੀਤ ਹੈ ਸਭ ਦਾ ਸੰਚਾਲਕ
ਕਹੇ ਰਾਜ੍ਹਾ ਹਰਭਜਨ ਹੈ ਜੋ ਦੁੱਧੀਂ ਨਹਾਂਦਾ
ਰੋਜੀ ਦੇਵੇ ਸਭ ਨੂੰ ਪਰ ਆਪ ਨਾ ਖਾਂਦਾ

ਸਰਗੁਨ

ਸਰਗੁਨ ਜੋ ਆਪ ਹੈ ਨਿਰਗੁਨ ਵੀ ਓਹੀ
ਕਲਾ ਧਾਰ ਜਿਸ ਆਪਨੀ ਹੈ ਸਗਲੀ ਮੋਹੀ
ਮੋਹੀ ਕਲਾ ਧਾਰ ਜਿਸ ਹੈ ਝੂਠ ਨਾ ਰਾਈ
ਉਸਦੇ ਅੱਗੇ ਦਾਸ ਨੇ ਹੈ ਝੋਲ ਫੈਲਾਈ
ਕਹੇ ਰਾਜ਼ਾ ਹਰਭਜਨ ਜਿਸ ਵਿੱਚ ਨੇ ਹਰਗੁਨ
ਹੋਕੇ ਰੂਪ ਮਨੁੱਖ ਦਾ ਆਇਆ ਬਣ ਸਰਗੁਨ

ਭੁੰਨੇ ਉੱਗਦੇ

ਭੁੰਨੇ ਉੱਗਦੇ ਓਸ ਦੇ ਜਿਸ ਤੇ ਪੈਂਦਾ ਤੁੱਠ
ਮੇਖ ਰੇਖ ਵਿੱਚ ਮਾਰਕੇ ਭਰਦਾ ਉਸ ਦੀ ਮੁੱਠ
ਭਰਦਾ ਉਸ ਦੀ ਮੁੱਠ ਕਰੇ ਫਿਰ ਲਹਿਰਾਂ ਬਹਿਰਾਂ
ਹੋਂਦੀ ਜੈ ਜੈ ਕਾਰ ਹੈ ਵਿੱਚ ਪਿੰਡਾਂ ਸ਼ਹਿਰਾਂ
ਕਹੇ ਰਾਜ੍ਹਾ ਹਰਭਜਨ ਘਿਓ ਵਿੱਚ ਆਟਾ ਗੁੰਨੇ
ਜਿਸਤੇ ਪੈਂਦਾ ਤੁੱਠ ਓਸਦੇ ਉੱਗਦੇ ਭੰਨੇ

ਜਿਸ ਵੱਲ ਹੋਵੇ

ਹੋਵੇ ਜਿਸ ਦੇ ਵੱਲ ਉਹ ਨਾ ਕਸਰਾਂ ਛੱਡੇ
ਭਰ ਭਰ ਦੇਂਦਾਂ ਓਸ ਨੂੰ ਮਾਇਆ ਦੇ ਗੱਡੇ
ਗੱਡੇ ਭਰ ਭਰ ਦੇਂਵਦਾ ਆਕਾਸ਼ ਚੜ੍ਹਾਵੇ
ਦੁੱਧੀਂ ਪੁੱਤੀਂ ਨਾਂਵਦਾ ਗੱੜ ਗੱੜ ਗੱੜਾਵੇ
ਕਹੇ ਰਾਜ੍ਹਾ ਹਰਭਜਨ ਓਸਦੇ ਦੁੱਖੜੇ ਖੋਵੇ
ਪ੍ਰਮ ਗੁਰੂ ਪ੍ਰਮਾਤਮਾ ਜਿਸ ਦੇ ਵੱਲ ਹੋਵੇ

ਜਿਸ ਨਾਲ ਰੁੱਸੇ

ਪੱਲੇ ਛੱਡੇ ਕੱਖ ਨਾ ਜਿਸ ਸੰਗ ਪੈਂਦਾ ਰੁੱਸ
ਚੜ੍ਹਿਆ ਹੋਏ ਅਕਾਸ਼ ਤੇ ਇਕ ਦਮ ਕਰਦਾ ਠੁੱਸ
ਇਕ ਦਮ ਕਰਦਾ ਠੁੱਸ ਤੇ ਵਿਚ ਖਾਕ ਰੁਲਾਵੇ
ਕਰਦਾ ਮਰਜੀ ਆਪਨੀ ਖੁਰਾ ਖੋਜ ਮੁਕਾਵੇ
ਕਹੇ ਰਾਜ੍ਹਾ ਹਰਭਜਨ ਓਸ ਨੂੰ ਕੋਈ ਨਾ ਠੱਲੇ
ਜਿਸ ਸੰਗ ਪੈਦਾ ਰੁੱਸ ਕੱਖਨਾ ਛੱਡ੍ਹੇ ਪੱਲੇ

ਅੱਗ

ਅੱਗ ਨਾ ਸੱਕੀ ਕਿਸੇ ਦੀ ਸਭ ਤਾਂਈ ਸਾੜੇ
ਜਿੱਥੋਂ ਦੀ ਲੰਘ ਜਾਂਵਦੀ ਪਾ ਦਏ ਪੁਆੜੇ
ਪਾ ਦਏ ਪੁਆੜੇ ਮਿੰਟ ਵਿੱਚ ਤੇ ਕਰਦੀ ਢੇਰੀ
ਜੋ ਅੱਗੇ ਆਇਆ ਸਾੜਿਆ ਨਾ ਲਾਈ ਦੇਰੀ
ਕਹੇ ਰਾਜ੍ਹਾ ਹਰਭਜਨ ਜਿਥੇ ਇਹ ਜਾਵੇ ਲੱਗ
ਨਾ ਸੱਕੀ ਬਣਦੀ ਕਿਸੇ ਦੀ ਇਹ ਵੀਰੋ ਅੱਗ

ਪਾਣੀ

ਪਾਣੀ ਜੀਵਨ ਜੱਗ ਦਾ ਕਦੀ ਬਣਦਾ ਵੈਰੀ
ਜੱਦ ਮਰਯਾਦਾ ਤੋੜਦਾ ਅੱਖ ਕਰਕੇ ਕੈਰੀ
ਕੈਰੀ ਕਰਦਾ ਅੱਖ ਜਾਂ ਨਾ ਛੱਡਦਾ ਡੱਕਾ
ਹੜ੍ਹ ਬਣਕੇ ਜਦ ਆਂਵਦਾ ਨਾ ਰਹਿੰਦਾ ਫੱਕਾ
ਕਹੇ ਰਾਜ੍ਹਾ ਹਰਭਜਨ ਹੈ ਵੰਡ ਕਰਦਾ ਕਾਣੀ
ਕਿਤੇ ਸੋਕੇ ਸੰਗ ਸਾੜਦਾ ਕਿਤੇ ਡੋਬੇ ਪਾਣੀ

ਪਉਨ

ਪਉਨ ਗੁਰੂ ਹੈ ਜਗਤ ਦੀ ਪਰ ਪਾਵੇ ਭੰਡੀ
ਆਵੇ ਬਣ ਤੂਫਾਨ ਜਾਂ ਨਾ ਛੱਡੇ ਡੰਡੀ
ਨਾ ਛੱਡੇ ਡੰਡੀ ਰੁੱਖ ਵੀ ਲੈ ਜਾਏ ਉਡਾਕੇ
ਜੋ ਕੁੱਝ ਅੱਗੇ ਆਂਵਦਾ ਲਾ ਲੈਂਦੀ ਢਾਕੇ
ਕਹੇ ਰਾਜ੍ਹਾ ਹਰਭਜਨ ਸਭ ਦੀ ਭੰਨੇ ਧੌਣ
ਵਗਦੀ ਜਦੋਂ ਤੂਫਾਨ ਬੱਣ ਇਹ ਵੀਰੋ ਪੌਣ

ਧਰਤੀ

ਮਾਤਾ ਸਭਦੀ ਧਰਤ ਹੈ ਸਭ ਤਾਈਂ ਪਾਲੇ
ਆਪਣੀ ਨਿੱਘੀ ਗੋਦ ਵਿੱਚ ਸਭ ਤਾਈਂ ਸੁਆਲੇ
ਸੁਆਲੇ ਨਿੱਘੀ ਗੋਦ ਵਿੱਚ ਜਦੋਂ ਆਕੇ ਹੱਲੇ
ਆ ਜਾਵੇ ਜਦੋਂ ਭੁਚਾਲ ਬਣ ਪਾਉਂਦੀ ਤਰਥੱਲੇ
ਕਹੇ ਰਾਜ੍ਹਾ ਹਰਭਜਨ ਏਸ ਦਾ ਵੱਡਾ ਨਾਤਾ
ਲੱਖ ਚੌਰਾਸੀ ਜੂਨ ਦੀ ਹੈ ਧਰਤੀ ਮਾਤਾ

ਮੌਤ

ਸਭਦੀ ਵੈਰਨ ਮੌਤ ਹੈ ਤੇ ਸਭ ਤੋਂ ਵੱਡੀ
ਖਾ ਜਾਂਦੀ ਪੀਰ ਪੈਗਬਰਾਂ ਨਾ ਛੱਡੇ ਹੱਡੀ
ਨਾ ਛੱਡੇ ਹੱਡੀ ਕਿਸੇ ਦੀ ਕਰ ਦਏ ਸਫਾਈ
ਸਭ ਨੂੰ ਸੁੱਟੇ ਧਰਤ ਤੇ ਨਾ ਝੂਠ ਹੈ ਰਾਈ
ਕਹੇ ਰਾਜ਼ਾ ਹਰਭਜਨ ਸਕੀ ਨਾ ਬੱਣੇ ਰੱਬਦੀ
ਇਹ ਸਭ ਦੀ ਆਕੜ ਭੰਨਦੀ ਹੈ ਵੈਰਨ ਸਭਦੀ

ਮੋਤ

ਇਸ ਨੇ ਖਾਧਾ ਓਸ ਨੂੰ ਕਰ ਬੋਟੀ ਬੋਟੀ
ਜਿਦੀ ਪਉਨ ਬੁਹਾਰੀ ਫੇਰ ਦੀ ਚੰਦ ਸੂਰਜ ਰੋਟੀ
ਰੋਟੀ ਚੰਦ ਪਕਾਂਵਦਾ ਅੱਗ ਕਪੜੇ ਧੋਵੇ
ਜੋ ਕੰਚਨ ਦੇ ਮੰਦਰਾਂ ਵਿੱਚ ਨਿਸ ਦਿਨ ਸੋਵੇ
ਕਹੇ ਰਾਜ੍ਹਾ ਹਰਭਜਨ ਕਾਲ ਸੀ ਬੱਧਾ ਜਿਸਨੇ
ਨਾ ਚਾਰਾ ਸੀ ਚੱਲਿਆ ਝੱਟ ਖਾਧਾ ਇਸਨੇ

ਕੁੱਤਾ

ਵਫਾਦਾਰ ਸੁਆਨ ਜਿਉਂ ਹੋਰ ਨਾ ਦੀਸਤ ਕੋਏ
ਮਾਲਕ ਝਿੜਕਾਂ ਦੇਂਵਦਾ ਦਿਲ ਰੋਸ ਨਾ ਹੋਏ
ਦਿਲ ਵਿੱਚ ਰੋਸ ਨ ਹੋ ਫੇਰ ਵੀ ਰਾਖੀ ਕਰਦਾ
ਮਾਲਕ ਜਾਵੇ ਬਾਹਰ ਜਾਂ ਹੋਏ ਰਾਖਾ ਘਰਦਾ
ਕਹੇ ਰਾਜ਼ਾ ਹਰਭਜਨ ਮਾਲਕ ਨੂੰ ਕਰੇ ਪਿਆਰ
ਵੱਡਾ ਸਭ ਤੋਂ ਸੁਆਨ ਹੈ ਮਾਲਕ ਦਾ ਵਫਾਦਾਰ

ਸੂਰ

ਗ੍ਰਾਮ ਨੂੰ ਸੁਥਰਾ ਰੱਖਦਾ ਸ਼ੂਕਰ ਖਾਕੇ ਗੰਦ
ਗੰਦਗੀ ਵਿੱਚ ਜਾ ਲੇਟਦਾ ਔਂਦਾ ਬੜਾ ਅਨੰਦ
ਔਂਦਾ ਬੜਾ ਅਨੰਦ ਵਿੱਚ ਜਦ ਗੰਦਗੀ ਲੇਟੇ
ਖੁਸ਼ ਬਹੁਤਾ ਹੈ ਹੋਂਵਦਾ ਮਾਰੇ ਪਲਸੇਟੇ
ਕਹੇ ਰਾਜ੍ਹਾ ਹਰਭਜਨ ਗੱਲ ਇਹ ਕਰਨ ਤਮਾਮ
ਸੂਕਰ ਗੰਦਗੀ ਖਾਕੇ ਰਾਖੇ ਸੁਥਰਾ ਗ੍ਰਾਮ

ਹੋਣੀ

ਹੋਣੀ ਮਾਰਿਆ ਰਕਤ ਬੀਜ ਕਰ ਪੋਟਾ ਪੋਟਾ
ਓਹ ਉਠ ਕੇ ਭੱਜ ਨਾ ਸੱਕਿਆ ਡਿਗ ਪਿਆ ਕਲੋਟਾ
ਡਿਗ ਪਿਆ ਕਲੋਟਾ ਝੱਟ ਸੀ ਜਦ ਬਰਛੀ ਵੱਜੀ
ਉਸ ਨੂੰ ਡਿਗਾ ਵੇਖਕੇ ਸਭ ਸੈਨਾਂ ਭੱਜੀ
ਕਹੇ ਰਾਜ੍ਹਾ ਹਰਭਜਨ ਗੱਜੀ ਜੰਗ ਵਿੱਚ ਮਨ ਮੋਹਣੀ
ਜੋ ਮਰਦਾ ਨਾ ਕਿਸੇ ਤੋਂ ਝੱਟ ਮਾਰਿਆ ਹੋਣੀ

ਕੁੰਡਲੀਆ ਅਠੋਂਤਰੀ

ਮਹਿਖ਼ਾਸੁਰ ਦੈਂਤ

ਦੈਂਤ ਮਹਿਖ਼ਾਸੁਰ ਆਨਕੇ ਰੱਣ ਤੱਤੇ ਵੜਿਆ
ਉਹ ਆਕੇ ਵਿੱਚ ਕਰੋਧ ਦੇ ਦੁਰਗਾ ਸੰਗ ਲੜਿਆ
ਲੜਿਆ ਦੁਰਗਾ ਸੰਗ ਜਾਂ ਫਿਰ ਗੱਜੀ ਚੰਡੀ
ਉਸ ਵੱਢ ਵੱਢ ਸੁੱਟੇ ਸੂਰਮੇ ਜਿਉਂ ਲਕੱੜ ਮੰਡੀ
ਕਹੇ ਰਾਜ੍ਹਾ ਹਰਭਜਨ ਮਾਰਿਆ ਚੰਡੀ ਬੈਂਤ
ਰਣ ਤੱਤੇ ਵਿੱਚ ਮਰ ਗਿਆ ਮੈਸ਼ਾਸੁਰ ਦੈਂਤ

ਹਰਨਾਖਸ਼

ਹਰਨਾਖਸ਼ ਹੰਕਾਰ ਵਿੱਚ ਜਦ ਤੇਗ ਉਠਾਈ
ਕਹਿਨ ਲੱਗਾ ਪ੍ਰਹਿਲਾਦ ਨੂੰ ਸੱਦ ਲੈ ਰਘੁਰਾਈ
ਰਘੁਰਾਈ ਨੂੰ ਸੱਦ ਲੈ ਜੋ ਆਨ ਬਚਾਏ
ਨਾ ਜਿੰਦਾ ਛੱਡਾਂ ਅੱਜ ਮੈਂ ਮੁੱਖੋਂ ਫਰਮਾਏ
ਕਹੇ ਰਾਜ਼ਾ ਹਰਭਜਨ ਭੱਜ ਨਾ ਸੱਕਿਆ ਰਾਖਸ਼
ਨਰ ਸਿੰਘ ਰੂਪ ਧਾਰਕੇ ਮਾਰਿਆ ਹਰਨਾਖਸ਼

ਜੀਵਤ ਲੋੜੇ

ਜੀਵਤ ਲੋੜੇ ਸਭ ਕੋ ਮੁਆ ਨਾ ਲੋੜੇ ਕੋਏ
ਜੀਵਤ ਦੁੱਖ ਹਜ਼ਾਰ ਨੇ ਮੁਇਆਂ ਹੀ ਸੁਖ ਹੋਏ
ਮੁਇਆ ਹੀ ਸੁਖ ਹੋਏ ਕੰਮ ਸਭ ਜਾਂਦੇ ਮੁੱਕ
ਨਾ ਕੋਈ ਫੇਰ ਉਠਾਂਵਦਾ ਜਾਏ ਜਾ ਗੋਰੀਂ ਲੁੱਕ
ਕਹੇ ਰਾਜ੍ਹਾ ਹਰਭਜਨ ਦੁੱਖ ਨਾ ਕੋਈ ਥੀਵਤ
ਹੋਵਨ ਦੁੱਖ ਹਜ਼ਾਰ ਫੇਰ ਵੀ ਲੋੜੇ ਜੀਵਤ

ਬਾਪ ਦਾ ਰਿਸ਼ਤਾ

ਰਿਸ਼ਤਾ ਮਾਂ ਤੇ ਬਾਪ ਦਾ ਸਭ ਤੋਂ ਵੱਡਾ ਜਾਣ
ਪੁੱਤਾਂ ਧੀਆਂ ਵਾਸਤੇ ਤਜ ਦੇਂਵਦੇ ਪਰਾਣ
ਤਜ ਦੇਂਵਦੇ ਪ੍ਰਾਨ ਬਹੁਤ ਨੇ ਕਸ਼ਟ ਉਠਾਂਦੇ
ਖਾਣ ਵਾਸਤੇ ਦੇਂਵਦੇ ਖਾਣੇ ਮਨ ਭਉਂਦੇ
ਕਹੇ ਰਾਜ਼ਾ ਹਰਭਜਨ ਦੇਂਵਦੇ ਕਾਜੂ ਪਿਸਤਾ
ਮਾਂ ਬਾਪ ਤੋਂ ਵੱਧ ਹੋਰ ਨਾ ਵੱਡਾ ਰਿਸ਼ਤਾ

ਨਾਮ

ਨਾਮ ਬਿਨਾ ਸੰਸਾਰ ਤੇ ਧਨ ਨਾ ਵੱਡਾ ਹੋਰ
ਘੁਣ ਸੁੰਡੀ ਨਾ ਲੱਗਦੀ ਨਾ ਕੋਈ ਲੱਗੇ ਚੋਰ
ਨਾ ਕੋਈ ਲੱਗੇ ਚੋਰ ਹੋਂਵਦੀ ਬਹੁ ਵਡਿਆਈ
ਇਸਨੂੰ ਜੱਪ ਕੇ ਹੋ ਗਿਆ ਅਮਰ ਸੈਨ ਸੀ ਨਾਈ
ਕਹੇ ਰਾਜ਼ਾ ਹਰਭਜਨ ਜਾਨਦੇ ਲੋਕ ਤਮਾਮ
ਹੀਰੇ ਲਾਲ ਜਵਾਹਰ ਕੀਂ ਸੱਭ ਤੋਂ ਵਡਾ ਨਾਮ

ਭਾਵੀ

ਭਾਵੀ ਅੱਗੇ ਕਿਸੇ ਦਾ ਚੱਲਦਾ ਨਹੀਂ ਜੋਰ
ਮਰਜੀ ਕਰਦੀ ਆਪਨੀ ਦਿਲ ਦੀ ਬੜੀ ਕਠੋਰ
ਦਿਲ ਦੀ ਬੜੀ ਕਠੋਰ ਹੈ ਕਰਦੀ ਮਨ ਆਈ
ਪੀਰ ਪੈਗੰਬਰ ਔਲੀਏ ਜਾਂਦੀ ਸੱਭ ਖਾਈ
ਕਹੇ ਰਾਜ੍ਹਾ ਹਰਭਜਨ ਇਹ ਹੈ ਸੱਭ ਤੇ ਹਾਵੀ
ਪਲੇ ਛੱਡੇ ਕੱਖ ਨਾ ਜਦ ਵਰਤੇ ਭਾਵੀ

ਬ੍ਰਿਹੋਂ

ਰੋਗ ਬ੍ਰਿਹੋਂ ਦਾ ਕਿਸੇ ਨੂੰ ਜਾਏ ਨਾ ਵੀਰੋ ਲੱਗ
ਦਿਨੇ ਰਾਤ ਹੀ ਸਾੜਦੀ ਰਹਿੰਦੀ ਬ੍ਰਿਹੋਂ ਅੱਗ
ਰਹਿੰਦੀ ਬ੍ਰਿਹੋਂ ਅੱਗ ਚੈਨ ਨਾ ਦਿਲ ਨੂੰ ਆਵੇ
ਅੱਠੇ ਪਹਿਰ ਹੀ ਗਮਾਂ ਵਿੱਚ ਜਿੰਦ ਗੋਤੇ ਖਾਵੇ
ਕਹੇ ਰਾਜ਼ਾ ਹਰਭਜਨ ਵਰਤਿਆ ਰਹਿੰਦਾ ਸੋਗ
ਸਭ ਤੋਂ ਵੱਡਾ ਹੋਂਵਦਾ ਹੈ ਬ੍ਰਿਹੋਂ ਦਾ ਰੋਗ

ਪਾਪੀ

ਪਾਪੀ ਕਰਦੇ ਪਾਪ ਨੇ ਦਿਲ ਮੇਂ ਦਇਆ ਨਾ ਹੋਏ
ਦਿਲ ਤੋਂ ਰੱਬ ਵਿਸਾਰ ਕੇ ਸਭ ਕੁੱਝ ਬਹਿੰਦੇ ਖੋਏ
ਸੱਭ ਕੁੱਝ ਬਹਿੰਦੇ ਖੋ ਨਰਕ ਵਿੱਚ ਗੋਤੇ ਖਾਂਦੇ
ਪੱਲੇ ਰਹਿੰਦਾ ਕੱਖ ਨਾ ਰੋਂਦੇ ਕੁਰਲਾਂਦੇ
ਕਹੇ ਰਾਜ੍ਹਾ ਹਰਭਜਨ ਸਜਾ ਨੇ ਪਾਂਦੇ ਆਪੀ
ਦਿਲ ਵਿੱਚ ਦਇਆ ਨਾ ਆਂਵਦੀ ਜੋ ਹੋਵਣ ਪਾਪੀ

ਲੱਖ ਚੁਰਾਸੀ ਭੋਗ ਕੇ

ਲੱਖ ਚੋਰਾਸੀ ਭੋਗ ਕੇ ਮਿਲਿਆ ਜਨਮ ਮਨੁੱਖ
ਨੀਵਾਂ ਹੋ ਕੇ ਕੱਟ ਲੈ ਬਣੀ ਨਾ ਸਿੰਬਲ ਰੁੱਖ
ਬਣੀ ਨਾ ਸਿੰਬਲ ਰੁੱਖ ਨੀਵੇਂ ਨੂੰ ਗਲੇ ਲਗਾਈਂ
ਮੈਂ ਮੇਰੀ ਨੂੰ ਮਾਰਕੇ ਦਿਲ ਦਇਆ ਵਸਾਈਂ
ਕਹੇ ਰਾਜ੍ਹਾ ਹਰਭਜਨ ਵੇਖੀਂ ਫਿਰ ਆਪਣੀ ਦੱਖ
ਮਿਲਿਆ ਜਨਮ ਮਨੁੱਖ ਹੈ ਭੋਗ ਚੌਰਾਸੀ ਲੱਖ

ਹੀਰਾ ਜਨਮ

ਹੀਰਾ ਜਨਮ ਅਮੋਲ ਹੈ ਮਿਲਦਾ ਨਹੀ ਜੇ ਮੁੱਲ
ਲੱਖ ਚੋਰਾਸੀ ਜੂਨ ਚੋਂ ਨਾ ਕੋਈ ਇਸਦੇ ਤੁੱਲ
ਕੋਈ ਨਾ ਇਸਦੇ ਤੁੱਲ ਨੇ ਸਭ ਇਸ ਤੋਂ ਥੱਲੇ
ਨਾਲ ਦਿਮਾਗ ਦੇ ਕਰ ਲਿਆ ਵੱਸ ਸਭ ਨੂੰ ਕੱਲੇ
ਕਹੇ ਰਾਜ਼ਾ ਹਰਭਜਨ ਹੈ ਇਹ ਸੱਭ ਦਾ ਪੀਰਾ
ਮਾਨਸ ਜਨਮ ਅਮੋਲ ਹੈ ਇਹ ਸੱਭ ਤੋਂ ਹੀਰਾ

ਖਜਾਨੇ

ਪਾਈ ਪਾਈ ਜੋੜਕੇ ਲਏ ਖਜ਼ਾਨੇ ਜੋੜ
ਖਾਲੀ ਹੱਥੀਂ ਜਾਂਵਦਾ ਸਭ ਕੁਝ ਏਥੇ ਛੋੜ
ਸਭ ਕੁੱਝ ਏਥੇ ਛੋੜ ਖੜ੍ਹੇ ਰਹੇ ਘੋੜੇ ਹਾਥੀ
ਪਾ ਆਏ ਵਿੱਚ ਗੋਰ ਦੇ ਜੋ ਸੱਕੇ ਸਾਥੀ
ਕਹੇ ਰਾਜ੍ਹਾ ਹਰਭਜਨ ਨਾਲ ਨਾ ਗਈ ਉਠਾਈ
ਜੋੜੀ ਝੱਲ ਮੁਸੀਬਤਾਂ ਜੋ ਪਾਈ ਪਾਈ

ਮਾਇਆ

ਮਾਇਆ ਦਾਸੀ ਸਭ ਦੀ ਪਰ ਪਾਏ ਪੁਆੜੇ
ਵਿਤੋਂ ਵੱਧ ਜੋ ਜੋੜਦਾ ਉਸ ਦੇ ਦਿਨ ਮਾੜੇ
ਦਿਨ ਮਾੜੇ ਨੇ ਉਸਦੇ ਜੋ ਲਾਲਚ ਕਰਦਾ
ਮਾਰ ਮਾਰਕੇ ਠੱਗੀਆਂ ਘਰ ਆਪਣਾ ਭਰਦਾ
ਕਹੇ ਰਾਜ੍ਹਾ ਹਰਭਜਨ ਮਾਇਆ ਬੱਦਲਾਂ ਦੀ ਛਾਇਆ
ਸੱਕੀ ਨਾ ਇਹ ਕਿਸੇ ਦੀ ਹੈ ਬਣਦੀ ਮਾਇਆ

ਧਰੂ ਭਗਤ

ਭਗਤਾ ਕਰਕੇ ਧਰੂ ਨੇ ਮੱਲਿਆ ਉਚੱਾ ਥਾਨ
ਸੱਚ ਖੰਡ ਬੈਠਾ ਜਾਕੇ ਪਾਇਆ ਵੱਡਾ ਮਾਨ
ਪਾਇਆ ਵੱਡਾ ਮਾਨ ਹੈ ਅੱਜ ਸਭ ਤੋਂ ਉਚੱਾ
ਭਗਤਾਂ ਦੀ ਵਿੱਚ ਪਾਲ ਦੇ ਹੈ ਜਾ ਪਹੁੰਚਾ
ਕਹੇ ਰਾਜ਼ਾ ਹਰਭਜਨ ਬਣੀ ਭਗਤੀ ਤੋਂ ਸ਼ਕਤੀ
ਮੱਲਿਆ ਉਚੱਾ ਥਾਨ ਧਰੂ ਨੇ ਕਰਕੇ ਭਗਤੀ

ਰਾਜਾ ਜਨਕ

ਜਨਕ ਰਾਜਾ ਨੇ ਆਖਦੇ ਸਭ ਤੋਂ ਭਗਤ ਮਹਾਨ
ਖਾਲੀ ਜਿਸ ਕਰਵਾਏ ਸੀ ਨਰਕ ਅਠਾਰਾਂ ਜਾਨ
ਨਰਕ ਅਠਾਰਾਂ ਜਾਨ ਜਦੋਂ ਸੀ ਹੋ ਗਏ ਖਾਲੀ
ਧਰਮ ਰਾਜ ਵੀ ਆਨਕੇ ਬਣ ਗਿਆ ਸਵਾਲੀ
ਕਹੇ ਰਾਜ੍ਹਾ ਹਰਭਜਨ ਜੱਮਾਂ ਨਾ ਖਾਧੀ ਤਨਕ
ਭਗਤਾਂ ਵਿੱਚੋਂ ਹੋ ਗਿਆ ਸਭ ਤੋਂ ਵੱਡਾ ਜਨਕ

ਭਗਤ ਰਵਿਦਾਸ

ਕਰ ਭਗਤੀ ਰਵਿਦਾਸ ਨੇ ਜੀਵਨ ਲਿਆ ਸੁਧਾਰ
ਭਗਤੀ ਦੇ ਪ੍ਰਤਾਪ ਸੇ ਦਿੱਤੇ ਪੱਥਰ ਤਾਰ
ਦਿੱਤੇ ਪੱਥਰ ਤਾਰ ਪੰਡਤਾਂ ਦਾ ਤੁੱਟਾ ਮਾਨ
ਚਹੁੰ ਕੁੰਟਾਂ ਵਿਚੱ ਲੱਗ ਪਿਆ ਹੋਨ ਉਹਦਾ ਸਨਮਾਨ
ਕਹੇ ਰਾਜ਼ਾ ਹਰਭਜਨ ਕੁਲਾਂ ਸੀ ਗਈਆਂ ਤੱਰ
ਵੱਡਾ ਰੁਤਬਾ ਪਾ ਲਿਆ ਰਵਿਦਾਸ ਨੇ ਭਗਤੀ ਕਰ

ਧੰਨਾ ਭਗਤ

ਧੰਨੇ ਪਾਇਆ ਪੱਥਰੋਂ ਜਾਨੇ ਸਭ ਸੰਸਾਰ
ਦੁੱਧ ਕਟੋਰਾ ਪੀਕੇ ਦਿੱਤਾ ਉਸ ਨੂੰ ਤਾਰ
ਦਿੱਤਾ ਉਸ ਨੂੰ ਤਾਰ ਹੋ ਗਿਆ ਵੱਸ ਮੋਰਾਰੀ
ਖੂਹਾ ਉਸ ਦਾ ਗੇੜਿਆ ਤੇ ਗਾਈਂ ਚਾਰੀ
ਕਹੇ ਰਾਜ੍ਹਾ ਹਰਭਜਨ ਲਸੀ ਦੇ ਪੀਤੇ ਛੰਨੇ
ਪੱਥਰ ਵਿਚੋਂ ਪਾ ਲਿਆ ਕਹਿੰਦੇ ਰੱਬ ਧੰਨੇ

ਸੁੰਭ ਨਸੁੰਭ

ਮਾਰ ਕੇ ਸੁੰਭ ਨਸੁੰਭ ਨੂੰ ਚੰਡੀ ਹੋਈ ਰਵਾਨ
ਇੰਦਰ ਬਹਿਕੇ ਤੱਖਤ ਤੇ ਲੱਗਾ ਰਾਜ ਕਮਾਨ
ਲੱਗਾ ਰਾਜ ਕਮਾਨ ਦੈਂਤ ਸੀ ਮੁੱਕੇ ਸਾਰੇ
ਮਾਰ ਮੁਕਾਏ ਚੰਡਿਕਾ ਜੋ ਕਦੇ ਨਾ ਹਾਰੇ
ਕਹੇ ਰਾਜ਼ਾ ਹਰਭਜਨ ਧਰਤ ਤੋਂ ਲੱਥਾ ਭਾਰ
ਹੋਈ ਜੈ ਜੈ ਕਾਰ ਦੈਂਤ ਸਭ ਦਿੱਤੇ ਮਾਰ

ਪਾਣੀ

ਪਾਣੀ ਸੋਟਾ ਮਾਰਿਆਂ ਹੋਂਦਾ ਨਹੀ ਜੇ ਦੋ
ਰਹਿੰਦਾ ਇੱਕੋ ਸਾਰ ਹੈ ਨਾ ਵਿਗੜ ਦੀ ਸ਼ੋ
ਨਾ ਵਿਗੜ ਦੀ ਸ਼ੋ ਨਾ ਹੀ ਗੁੱਸਾ ਕਰਦਾ
ਪਿਆਸ ਬੁਝਾਵੇ ਜੀਵ ਦੀ ਤੇ ਭਾਂਡੇ ਭਰਦਾ
ਕਹੇ ਰਾਜ੍ਹਾ ਹਰਭਜਨ ਕੋਈ ਨਾ ਇਸਦਾ ਹਾਣੀ
ਸੋਟਾ ਮਾਰਿਆ ਕਦੇ ਨਾ ਦੋ ਹੋਵੇ ਪਾਣੀ

ਪ੍ਰਮੇਸਰ

ਰਾਜ ਬਠਾਏ ਕੰਗਲੇ ਸਿੱਧੀ ਹੋਵੇ ਨੀਤ
ਲਛਕਰ ਘੋੜੇ ਦੇ ਕੇ ਪੱਕੀ ਕਰੇ ਪ੍ਰੀਤ
ਪੱਕੀ ਕਰੇ ਪ੍ਰੀਤ ਉਸਦੇ ਭਰੇ ਭੰਡਾਰੇ
ਕੱਖਾਂ ਕੁੱਲੀ ਢਾਹਕੇ ਪਾ ਦਏ ਚੁਬਾਰੇ,
ਕਹੇ ਰਾਜ੍ਹਾ ਹਰਭਜਨ ਸਿੱਰ ਤੇ ਧਰਦਾ ਤਾਜ
ਕੰਗਲੇ ਤਾਈ ਚਾਹੇ ਤਾਂ ਝੱਟ ਦੇਵੇ ਰਾਜ

ਤੀਰ

ਤੀਰ ਕਮਾਨੋ ਨਿਕਲ ਕੇ ਪਰਤ ਨਾ ਆਵੇ ਫੇਰ
ਜਿਸ ਨੂੰ ਜਾਕੇ ਵੱਜਦਾ ਕਰ ਦੇਂਵਦਾ ਢੇਰ
ਕਰ ਦੇਂਵਦਾ ਢੇਰ ਉਠ ਨਾ ਪਾਣੀ ਮੰਗੇ
ਘਾਟ ਉਤਾਰੇ ਮੌਤ ਦੇ ਜਿਸ ਤਾਈਂ ਡੰਗੇ
ਕਹੇ ਰਾਜ੍ਹਾ ਹਰਭਜਨ ਕਰੇ ਸਭ ਲੀਰੋ ਲੀਰ
ਫੇਰ ਪੱਰਤ ਨਾ ਆਂਵਦਾ ਨਿਕਲ ਕਮਾਨੋ ਤੀਰ

ਬੋਲ ਕਬੋਲ

ਬੋਲ ਕਬੋਲ ਨਿਕਲ ਕੇ ਛੇਕ ਕਲੇਜੇ ਪਾਣ
ਸਿਰ ਵੱਢਵੇਂ ਵੈਰ ਵੀ ਵੀਰਾਂ ਵਿੱਚ ਪੈ ਜਾਣ
ਵੀਰਾਂ ਵਿੱਚ ਪੈ ਜਾਣ ਫੇਰ ਨਾ ਮਿਲਕੇ ਬਹਿੰਦੇ
ਇੱਕ ਦੂਜੇ ਨੂੰ ਵੇਖ ਕੇ ਕੈਰੀ ਅੱਖ ਰਹਿੰਦੇ
ਕਹੇ ਰਾਜ੍ਹਾ ਹਰਭਜਨ ਗੱਲ ਹੈ ਅਸਲ ਨਰੋਲ
ਛੇਕ ਕਲੇਜੇ ਪਾਂਵਦੇ ਨਿਕਲੇ ਬੋਲ ਕਬੋਲ

ਉਪੱਠੀ ਨਜ਼ਰ

ਘਾਹ ਚਰਾਵੇ ਸ਼ੇਰ ਨੂੰ ਜੇਕਰ ਫੇਰੇ ਅੱਖ
ਮਰਜੀ ਕਰਦਾ ਆਪਣੀ ਨਾ ਕੋਈ ਸੱਕੇ ਲਖ
ਨਾ ਕੋਈ ਸੱਕੇ ਲਖ ਹਰ ਥਾਂ ਉਸਦੀ ਚੱਲੇ
ਉਸਦੇ ਹੁਕਮ ਬਗੈਰ ਨਾ ਕੋਈ ਪਤਾ ਹੱਲੇ
ਕਹੇ ਰਾਜ੍ਹਾ ਹਰਭਜਨ ਹੈ ਉਹ ਬੇ ਪਰਵਾਹ
ਨਜ਼ਰ ਉਪੱਠੀ ਜੇ ਕਰੇ ਸ਼ੇਰ ਚਰਾਵੇ ਘਾਹ

ਚੁਗਲ ਖੋਰ

ਚੁਗਲ ਖੋਰ ਨਾ ਕ੍ਰਿਸੇ ਨੂੰ ਮਿਲਕੇ ਦੇਂਦੇਂ ਬਹਿਣ
ਵੀਰ ਵੀਰਾਂ ਨੂੰ ਮਾਰਕੇ ਆਪਸ ਵਿੱਚ ਦੀ ਖਹਿਣ
ਆਪਸ ਦੇ ਵਿੱਚ ਖਹਿਨ ਹੋਂਵਦੇ ਦੂਰੋ ਦੂਰੀ
ਜਿਹੜੇ ਬਹਿਕੇ ਖਾਂਵਦੇ ਸੀ ਕੱਠੇ ਚੂਰੀ
ਕਹੇ ਰਾਜ਼ਾ ਹਰਭਜਨ ਚੁਗਲਾਂ ਦੀ ਵੱਖਰੀ ਤੋਰ
ਰਲਕੇ ਦੇਂਦੇ ਬਹਿਣ ਨਾ ਵੱਡੇ ਚੁਗ਼ਲ ਖੋਰ

ਗਾਈਂ ਖਵਾਏ ਮਾਸ

ਚਾਹੇ ਜੇ ਖੁਆਵਨਾ ਗਾਈਂ ਖੁਆਵੇ ਮਾਸ
ਉਸਦੇ ਅੱਗੇ ਇਹ ਨਹੀ ਕੰਮ ਕੋਈ ਵੱਡਾ ਖਾਸ
ਕੰਮ ਨਹੀ ਵੱਡਾ ਖਾਸ ਇੱਕ ਹੀ ਪੱਲਕ ਲਗਾਵੇ
ਕਰੇ ਕਰਾਏ ਆਪ ਹੀ ਜੋ ਉਸ ਨੂੰ ਭਾਵੇ
ਕਹੇ ਰਾਜ੍ਹਾ ਹਰਭਜਨ ਪੁੱਠੀ ਜੇ ਕਰੇ ਨਿਗਾਹੇਂ
ਮਾਸ ਖਵਾਏ ਗਾਂ ਨੂੰ ਜੇ ਖੁਆਨਾ ਚਾਹੇ

ਪਤੀ ਮਰਾਵੇ ਨਾਰ ਤੋਂ

ਪੱਤੀ ਮਰਾਵੇ ਨਾਰ ਤ੍ਰੋਂ ਮਰਵਾਨਾ ਚਾਹੇ
ਇੱਕ ਮਿੰਟ ਦੇ ਵਿੱਚ ਹੀ ਉਹਨੂੰ ਪਾਏ ਕੁਰਾਹੇ
ਪਾਏ ਕੁਰਾਹੇ ਓਸ ਨੂੰ ਤੇ ਬੁੱਧੀ ਫੇਰੇ
ਸੁਖ ਉੱਡ ਜਾਂਦੇ ਖੰਭ ਲਾ ਦੁੱਖ ਪਾਂਦੇ ਘੇਰੇ
ਕਹੇ ਰਾਜ਼ਾ ਹਰਭਜਨ ਸੇਰ ਨਾ ਹੋਵੇ ਰੱਤੀ
ਸੁੱਟੇ ਵਿੱਚ ਫਿਰ ਨਰਕ ਦੇ ਮਰਵਾ ਨਾਰ ਤੋਂ ਪਤੀ

ਇੰਦਰ

ਜਲ ਥਲ ਮਿੰਟਾਂ ਵਿੱਚ ਹੀ ਹੈ ਇੰਦਰ ਕਰਦਾ
ਖਾਲੀ ਪਏ ਜੋ ਚਿਰਾਂ ਦੇ ਸਭ ਸਰਵਰ ਭਰਦਾ
ਸਭ ਸਰਵਰ ਭਰਦਾ ਪਲਕ ਵਿੱਚ ਲਾ ਦੇਂਦਾ ਕੰਢੇ
ਫਸਲਾਂ ਹੋਵਨ ਬਹੁਤ ਤੇ ਤੜਕੇ ਲਈ ਗੰਡੇ
ਕਹੇ ਰਾਜ੍ਹਾ ਹਰਭਜਨ ਫੇਰ ਹੋ ਜਾਂਦੀ ਥੱਲ ਥੱਲ
ਮਿੰਟ ਸਕਿੰਟਾਂ ਵਿੱਚ ਹੀ ਕਰਦਾ ਹੈ ਜੱਲ ਥੱਲ

ਕੁਦਰਤ

ਨਦੀਆਂ ਟਿੱਬਿਆਂ ਵਿੱਚ ਤੇ ਟਿੱਬੇ ਵਿੱਚ ਨਦੀਆਂ
ਜਿਥੇ ਨਦੀਆਂ ਵੱਗੀਆਂ ਵੀਰੋ ਕਈ ਸਦੀਆਂ
ਵੱਗੀਆ ਸਦੀਆਂ ਕਈ ਨੇ ਉਥੇ ਥੱਲ ਕਰਦਾ
ਜਿਥੇ ਟਿੱਬੇ ਹੋਂਵਦੇ ਉਥੇ ਜੱਲ ਭਰਦਾ
ਕਹੇ ਰਾਜ੍ਹਾ ਹਰਭਜਨ ਕਦੇ ਨਾ ਕਰਦਾ ਬਦੀਆਂ
ਟਿੱਬੇ ਨਦੀਆਂ ਵਿੱਚ ਤੇ ਟਿੱਬਿਆਂ ਵਿੱਚ ਨਦੀਆਂ

ਬਦੀਆਂ

ਬਦੀਆਂ ਉਤੇ ਜਿਸਨੇ ਬੰਨਿਆਂ ਹੋਵੇ ਲੱਕ
ਬਾਜ ਕਦੇ ਨਹੀ ਆਂਵਦਾ ਇਸ ਵਿਚ ਕੋਈ ਨਹੀ ਸ਼ੱਕ
ਇਸ ਵਿੱਚ ਕੋਈ ਨਹੀ ਸ਼ੱਕ ਰਹੇ ਨਿੱਤ ਬਦੀਆਂ ਕਰਦਾ
ਬਦੀਆਂ ਕਰਿਆਂ ਬਿਨਾ ਨਹੀ ਕੰਮ ਉਸਦਾ ਸਰਦਾ
ਕਹੇ ਰਾਜ਼ਾ ਹਰਭਜਨ ਕੰਮ ਨਾ ਕਰਦਾ ਵਧੀਆ
ਬੰਨਿਆਂ ਹੋਵੇ ਜਿਸਨੇ ਲੱਕ ਉਤੇ ਬਦੀਆਂ

ਨੇਕ ਬੰਦੇ

ਬੰਦੇ ਹੋਂਦੇ ਨੇਕ ਨੇ ਦੁਨਿਆਂ ਵਿੱਚ ਥੋਹੜੇ
ਬਦੀਆਂ ਵਲੋਂ ਜਿਨ੍ਹਾ ਨੇ ਸਭ ਮੋਹ ਤਰੋੜੇ
ਮੋਹ ਤਰੋੜੇ ਜਿੰਨਾ ਨੇ ਉਹ ਹੋਵਨ ਚੰਗੇ
ਤੁਰਦੇ ਸਿੱਧੇ ਰਾਹ ਤੇ ਨਹੀ ਲੈਂਦੇ ਪੰਗੇ
ਕਹੇ ਰਾਜ਼ਾ ਹਰਭਜਨ ਕਰਨ ਉਹ ਚੰਗੇ ਧੰਦੇ
ਨੇਕ ਕਮਾਈ ਕਰਨ ਜੋ ਉਹ ਵਿਰਲੇ ਬੰਦੇ

ਮਤੀਰਾ

ਖਾ ਪੀ ਕੇ ਥੱਕਿਆ ਵੱਧ ਗਿਆ ਉਹ ਫੇਰ
ਜਾਕੇ ਉਸਨੂੰ ਸੁੱਟਿਆ ਸੀ ਰੂੜੀ ਦੇ ਢੇਰ
ਸੁੱਟਿਆ ਰੂੜੀ ਢੇਰ ਓਸ ਨੂੰ ਖਾਧਾ ਗਾਈਂ
ਗੋਬਰ ਬਣ ਕੇ ਪੈ ਗਿਆ ਸੀ ਫੇਰ ਓਥਾਂਈ
ਕਹੇ ਰਾਜ਼ਾ ਹਰਭਜਨ ਓਸ ਵਿੱਚ ਹੋਂਦੇ ਬੀ
ਪੇਟ ਭਰ ਗਿਆ ਝੱਟ ਹੀ ਉਸ ਨੂੰ ਖਾ ਤੇ ਪੀ

ਅੰਬ

ਅੰਬ ਚੂਪ ਕੇ ਸੁੱਟਿਆ ਜਾ ਡਿੱਗਾ ਵਿੱਚ ਖਾਲ
ਉੱਗਕੇ ਬੂਟਾ ਬਣ ਗਿਆ ਫੇਰ ਲੱਗੇ ਅੰਬ ਨਾਲ
ਫੇਰ ਲੱਗੇ ਅੰਬ ਨਾਲ ਹੋ ਗਈਆਂ ਲਹਿਰਾਂ ਬਹਿਰਾਂ
ਜਾ ਵਿਕਿਆ ਵਿੱਚ ਬਾਜਾਰ ਦੇ ਤੇ ਪਿੰਡਾਂ ਸ਼ਹਿਰਾਂ
ਕਹੇ ਰਾਜ਼ਾ ਹਰਭਜਨ ਉਡਾਈ ਖਾ ਕੇ ਬੰਬ
ਭਾਗ ਦੁਬਾਰਾ ਲੱਗਿਆ ਚੂਪ ਜੋ ਸੁੱਟਿਆ ਅੰਬ

ਸੁਆਨ

ਰਾਜ ਮਿਲੇ ਜੇ ਸੁਆਨ ਨੂੰ ਚੱਟੇ ਜਾ ਚੱਕੀ
ਕੱਢੇ ਤੱਤ ਸਿਆਨਿਆਂ ਗੱਲ ਸੱਚੀ ਪੱਕੀ
ਪੱਕੀ ਸੱਚੀ ਗੱਲ ਹੈ ਵਿੱਚ ਝੂਠ ਨਾ ਰਾਈ
ਬੈਠਾ ਭਾਵੇਂ ਰਾਜ ਤੇ ਨਹੀ ਜਾਤ ਭੁਲਾਈ
ਕਹੇ ਰਾਜ਼ਾ ਹਰਭਜਨ ਸਿਰ ਤੇ ਟਿਕਿਆ ਤਾਜ
ਆਦਤ ਛੱਡੀ ਮੂਲ ਨਾ ਮਿਲ ਗਿਆ ਭਾਵੇਂ ਰਾਜ

ਮਛਲੀ

ਪਾਣੀ ਬਿਨ ਜੀ ਸਕਦੀ ਨਹੀ ਕਦੇ ਵੀ ਮੀਨ
ਜਲ ਦੇ ਵਿੱਚ ਪ੍ਰਾਣ ਨੇ ਗੱਲ ਹੈ ਅਸਲ ਮਹੀਨ
ਗੱਲ ਹੈ ਅਸਲ ਮਹੀਨ ਏਸ ਨੂੰ ਸੱਚੀ ਜਾਨ
ਪਾਣੀ ਵਿੱਚੋਂ ਨਿਕਲ ਕੇ ਤਜਦੀ ਝੱਟ ਪ੍ਰਾਨ
ਕਹੇ ਰਾਜ਼ਾ ਹਰਭਜਨ ਪਾਣੀ ਦੀ ਹੈ ਸੁਆਣੀ
ਤਜਦੀ ਝੱਟ ਪ੍ਰਾਨ ਮੀਨ ਜੇ ਮਿਲੇ ਨਾ ਪਾਣੀ

ਖੋਤਾ

ਖੋਤਾ ਸਾਬਨ ਲਾਕੇ ਜਿੰਨਾ ਲਈਏ ਨੁਆ
ਮਿੱਟੀ ਦੇ ਵਿੱਚ ਲੇਟ ਕੇ ਲੈਂਦਾ ਸ਼ਕਲ ਗੁਆ
ਲੈਂਦਾ ਸ਼ਕਲ ਗੁਆ ਓਸ ਨੂੰ ਕਦਰ ਨਾ ਕਾਈ
ਭਾਵੇਂ ਓਸ ਨੂੰ ਕਿੰਨਾ ਹੀ ਦੇਉ ਅਤਰ ਲਗਾਈ
ਕਹੇ ਰਾਜ੍ਹਾ ਹਰਭਜਨ ਜਾ ਵਿੱਚ ਮਿਟੀ ਦੇ ਸੋਤਾ
ਕਿੰਨਾ ਦਿਓ ਨੁਹਾ ਖ਼ਾਕ ਵਿੱਚ ਲੇਟੇ ਖੋਤਾ

ਸਿੱਖ ਦੀ ਪਹਿਚਾਨ

ਕੇਸ ਦਾਹੜੀਆਂ ਨਾਲ ਹੈ ਸਿੱਖ ਦੀ ਅਸਲ ਪਛਾਨ
ਕੇਸ ਦਾਹੜੀਆਂ ਕੱਟ ਕੇ ਕਰਦੇ ਸ਼ਕਲ ਵੈਰਾਨ
ਕਰਦੇ ਸ਼ਕਲ ਵੈਰਾਨ ਸਿੱਖ ਸਿਰ ਪਾਕੇ ਟੋਪੀ
ਫੇਰ ਗੁਰਾਂ ਦੀ ਓਸ ਤੇ ਹੋ ਜਾਏ ਕਰੋਪੀ
ਕਹੇ ਰਾਜ਼ਾ ਹਰਭਜਨ ਵਿਗੜ ਦਾ ਨਾਲੇ ਵੇਸ
ਸਿੱਖ ਅਖਵਾਏ ਤਾਂ ਹੀ ਹੋਵਨ ਦ੍ਹਾੜੀ ਕੇਸ

ਕਾਲਾ ਖੁੰਬ ਨਾ ਹੋਂਵਦਾ

ਕਾਲਾ ਖੁੰਬ ਨਾ ਹੋਂਵਦਾ ਕਿੰਨਾ ਲਈਏ ਧੋ
ਮਲ ਮਲ ਕੇ ਓਸਨੂੰ ਸਾਬਨ ਲਈਏ ਖੋ
ਸਾਬਨ ਲਈਏ ਖੋ ਕਦੇ ਨਾ ਹੋਵੇ ਚਿੱਟਾ
ਜਿਵੇ ਜਵਾਂ ਨੂੰ ਕਨਕ ਦਾ ਨਾ ਨਿਕਲੇ ਸਿੱਟਾ
ਸੱਚੀ ਗੱਲ ਹੈ ਆਖਦਾ ਸਿੰਘ ਰਾਜੇ ਵਾਲਾ
ਖੁੰਬ ਕਦੇ ਨਾ ਹੋਂਵਦਾ ਰੰਗ ਜਿਸਦਾ ਕਾਲਾ



ਨੀਤ ਦੇ ਭੁੱਖੇ

ਰੱਜੇ ਨਾ ਉਹ ਕਦੇ ਵੀ ਭੁੱਖੀ ਜਿਸ ਦੀ ਨੀਤ
ਕਿੰਨਾ ਉਸਨੂੰ ਦੇ ਦਿਉ ਭੁੱਖਦੇ ਨਾਲ ਪ੍ਰੀਤ
ਭੁੱਖ ਦੇ ਨਾਲ ਪ੍ਰੀਤ ਭਾਵੇਂ ਪਾ ਦਿਉ ਚੁਬਾਰੇ
ਪਾ ਦਿਉ ਚੁਬਾਰੇ ਓਸਨੂੰ ਨਾ ਲਏ ਨਜਾਰੇ
ਕਹੇ ਰਾਜ੍ਹਾ ਹਰਭਜਨ ਫੇਰ ਵੀ ਭੁੱਖ ਵੱਲ ਭੱਜੇ
ਬੁਕਾਂ ਭਰ ਭਰ ਦੇ ਦਿਉ ਨੀਤੋਂ ਨਾ ਰੱਜੇ

ਵੱਡੇ ਲੋਕ

ਅੰਨੇ ਹੋਂਦੇ ਅਕਲ ਦੇ ਕਹਿੰਦੇ ਵੱਡੇ ਲੋਕ
ਵਹਿਮ ਉਹਨਾ ਨੂੰ ਚੰਮੜੇ ਬੱਣਕੇ ਮਿੱਠੀ ਜੋਕ
ਬੱਣਕੇ ਮਿੱਠੀ ਜੋਕ ਹੋਨ ਕੰਨਾਂ ਦੇ ਕੱਚੇ
ਝੂਠਿਆਂ ਤਾਈਂ ਸਮਝ ਨੇ ਉਹ ਲੈਂਦੇ ਸੱਚੇ
ਕਹੇ ਰਾਜ਼ਾ ਹਰਭਜਨ ਜਾਪਦੇ ਬਹੁਤ ਚੂਕੰਨੇ
ਕਹਿੰਦੇ ਵੱਡੇ ਲੋਕ ਹੋਨ ਅਕਲਾਂ ਦੇ ਅੰਨੇ

ਤੂੰਮਾ

ਸੋਹਣਾ ਤੂੰਮਾ ਦਿਸਦਾ ਪਰ ਅੰਦਰੋਂ ਕੌੜਾ
ਪਾਈਏ ਉਸਨੂੰ ਮੂੰਹ ਵਿੱਚ ਲੇ ਆਵੇ ਲੋਹੜਾ
ਲੈ ਆਵੇ ਲੋਹੜਾ ਮੂੰਹ ਵਿੱਚ ਨਾ ਅੰਦਰ ਲੰਘੇ
ਜਿਹੜਾ ਉਸਨੂੰ ਖਾ ਲੈ ਉਹ ਬੈਠਾ ਖੰਘੇ
ਕਹੇ ਰਾਜ੍ਹਾ ਹਰਭਜਨ ਉਤੋਂ ਹੈ ਮਨ ਮੋਹਣਾ
ਅੰਦਰੋਂ ਕੌੜਾ ਬਹੁਤ ਹੈ ਉਤੋ ਬਹੁ ਸੋਹਣਾ

ਗੁਲਾਬ ਦਾ ਫੁੱਲ

ਆਵੇ ਮਹਿਕ ਗੁਲਾਬ ਚੋਂ ਭਾਵੇਂ ਜਾਵੇ ਸੁੱਕ
ਖੁਸ਼ਬੋਈ ਹੈ ਵੰਡਦਾ ਭਰ ਭਰਕੇ ਤੇ ਬੁੱਕ
ਭਰ ਭਰ ਕੇ ਤੇ ਬੁੱਕ ਮੂਲ ਨਾ ਆਵੇ ਤੋਟ
ਨਾ ਵਿਤਕਰਾ ਰੱਖਦਾ ਨਾ ਦਿਲ ਦੇ ਵਿੱਚ ਖੋਟ
ਕਹੇ ਰਾਜ਼ਾ ਹਰਭਜਨ ਫੁੱਲ ਉਹ ਸਭ ਨੂੰ ਭਾਵੇ
ਮਹਿਕਾਂ ਰਹੇ ਬਖੇਰਦਾ ਤੇ ਤੋਟ ਨਾ ਆਵੇ



ਪੂਜਾ ਦਾ ਧਾਨ

ਧਾਨ ਪੂਜਾ ਦਾ ਖਾਕੇ ਮਾਰੀ ਜਾਂਦੀ ਮੱਤ
ਪੂਜਾ ਦੇ ਹੀ ਧਾਨ ਤੋਂ ਹੋਂਦਾ ਬਹੁਤ ਕੁਪੱਤ
ਹੋਂਦਾ ਬਹੁਤ ਕੁਪੱਤ ਹੱਡਾਂ ਨੂੰ ਦੇਵੇ ਗਾਲ
ਪੜਦਾ ਪਾਕੇ ਬੁੱਧ ਤੇ ਕਰਦੀ ਮੰਦੇ ਹਾਲ
ਕਹੇ ਰਾਜ੍ਹਾ ਹਰਭਜਨ ਗੱਲ ਵਿੱਚ ਰਖੋ ਧਿਆਨ
ਮੱਤ ਮਾਰ ਹੈ ਦੇਂਵਦਾ ਜੋ ਪੂਜਾ ਦਾ ਧਾਨ

ਸੋਟਾ

ਸੋਟਾ ਹਰ ਇਨਸਾਨ ਨੂੰ ਰੱਖਣਾ ਚਾਹੀਏ ਕੋਲ
ਨੀਵੇਂ ਉਚੇ ਥਾਂ ਨੂੰ ਲੈਂਦਾ ਝੱਟ ਟਟੋਲ
ਲੈਂਦਾ ਝੱਟ ਟਟੋਲ ਕੁੱਤਾ ਨਾ ਆਵੇ ਨੇੜ
ਵੈਰੀ ਕੋਲੋਂ ਬੱਚਾ ਕੇ ਉਸਨੂੰ ਦੇਵੇ ਰੇੜ
ਕਹੇ ਰਾਜ੍ਹਾ ਹਰਭਜਨ ਵਾਰ ਕੋਈ ਕਰੇ ਕਲੋਟਾ
ਉਸਨੂੰ ਸਕਦੈ ਰੋਕ ਹੱਥ ਵਿੱਚ ਹੋਵੇ ਸੋਟਾ

ਔਰੰਗ ਜ਼ੇਬ

ਭਾਈ ਭਤੀਜੇ ਮਾਰਕੇ ਪਿਤਾ ਕਰ ਲਿਆ ਕੈਦ
ਬੈਠਾ ਰਾਜ ਤੱਖਤ ਤੇ ਕਰਕੇ ਜੱਦੋ ਜਹਿਦ
ਕਰਕੇ ਜੱਦੋ ਜਹਿਦ ਦਾਰੇ ਨੂੰ ਦਿੱਤਾ ਮਾਰ
ਸਿਰ ਆਪਣੇ ਤੇ ਚੁੱਕਿਆ ਸੀ ਪਾਪਾਂ ਦਾ ਭਾਰ
ਕਹੇ ਰਾਜ੍ਹਾ ਹਰਭਜਨ ਬਣ ਗਿਆ ਅਸਲ ਕਸਾਈ
ਤੱਖਤ ਔਰੰਗਾ ਬਹਿ ਗਿਆ ਮਾਰ ਭਤੀਜੇ ਭਾਈ

ਏਕੇ ਵਿੱਚ ਤਾਕਤ

ਤਾਕਤ ਵੱਡੀ ਏਕੇ ਅੰਦਰ ਸਾਰੀ ਦੁਨੀਆਂ ਜਾਣੇ
ਜਿਸ ਘਰ ਅੰਦਰ ਏਕਾ ਹੋਵੇ ਉਹੀ ਮੌਜਾਂ ਮਾਣੇ
ਉਹੀ ਮੌਜਾਂ ਮਾਣੇ ਝੂਠ ਨਾ ਇਸ ਵਿੱਚ ਕਾਈ
ਦੁਸ਼ਮਨ ਆਵੇ ਨੇੜ ਨਾ ਜੋ ਕੱਠੇ ਭਾਈ
ਕਹੇ ਰਾਜ਼ਾ ਹਰਭਜਨ ਨੇੜ ਨਾ ਕੋਈ ਆਵਤ
ਸਭ ਤੋਂ ਵੱਡੀ ਹੋਂਵਦੀ ਏਕੇ ਵਿੱਚ ਤਾਕਤ

ਫੁੱਟ

ਫੁੱਟ ਪਸਾਰੇ ਆਨ ਕੇ ਜਿਸ ਘਰ ਅੰਦਰ ਪੈਰ
ਸਮਝੋ ਹੋਵੇ ਓਸਦੀ ਫੇਰ ਕਦੇ ਨਾ ਖੈਰ
ਫੇਰ ਕਦੇ ਨਾ ਖੈਰ ਓਸਦੀ ਕਿਸਮਤ ਹਾਰੀ
ਬਣਕੇ ਚੰਬੜੀ ਜੋਕ ਜਿਨੂੰ ਇਹ ਫੁੱਟ ਬੀਮਾਰੀ
ਕਹੇ ਰਾਜ਼ਾ ਹਰਭਜਨ ਜਾਏ ਫਿਰ ਵੈਰੀ ਕੁੱਟ
ਕੱਖ ਨਾ ਪੱਲੇ ਛੱਡਦੀ ਜਿਸ ਘਰ ਪੈ ਗਈ ਫੁੱਟ

ਸੰਤ

ਰਹਿੰਦੇ ਖੁਸ਼ ਇਕਾਂਤ ਵਿਚ ਸਾਧੂ ਸੰਤ ਫਕੀਰ
ਬੰਦਗੀ ਕਰਦੇ ਰੱਬ ਦੀ ਦਿਲ ਵਿੱਚ ਰੱਖਣ ਧੀ
ਦਿਲ ਵਿੱਚ ਰੱਖਣ ਧੀਰ ਬੈਠ ਵਿੱਚ ਕੱਖਾਂ ਕੁੱ
ਧੱੜੀ ਨਾ ਖਾਂਦੇ ਅੰਨ ਦੀ ਨਾ ਓਡਨ ਜੁਲੀ
ਕਹੇ ਰਾਜ੍ਹਾ ਹਰਭਜਨ ਮੁੱਖੋਂ ਹਰ ਹਰ ਹੀ ਕ
ਰਾਜੀ ਸਦਾ ਰਜਾ ਦੇ ਵਿੱਚ ਸਾਧੂ ਰਹਿੰਦੇ

ਧਨੰਤਰ ਵੈਦ

ਵੈਦ ਵੱਡਾ ਵੈਦਾਂ ਦੇ ਵਿੱਚੋਂ ਵੈਦ ਧਨੰਤਰ ਜਾਨ
ਹੋਵੇ ਸੱਪ ਦਾ ਡੰਗਿਆ ਦਏ ਨਾ ਜਾਨ ਪ੍ਰਾਨ
ਦਏ ਨਾ ਜਾਨ ਪ੍ਰਾਨ ਜਿਥੋਂ ਤੱਕ ਨਜ਼ਰ ਦੋੜਾਏ
ਤਾਹੀ ਉਸਦੀ ਕੀਰਤੀ ਅੱਜ ਦੁਨੀਆਂ ਗਾਏ
ਕਹੇ ਰਾਜ਼ਾ ਹਰਭਜਨ ਨਜ਼ਰ ਨਾ ਹੋਵੇ ਕੈਦ
ਸਭ ਤੋਂ ਵੱਡਾ ਆਖਦੇ ਸੀ ਧਨੰਤਰ ਵੈਦ

ਧਨੰਤਰ ਕਿਵੇਂ ਮਰਿਆ

ਧਨੰਤਰ ਵੈਦ ਨੂੰ ਮਾਰਿਆ ਤੱਸੁਕ ਡੰਗ ਚਲ
ਉਸਦੇ ਉਤੇ ਚੱਲਿਆ ਨਾ ਸੀ ਕੋਈ ਉਪਾ
ਨਾ ਸੀ ਕੋਈ ਉਪਾ ਹੋ ਗਿਆ ਓਥੇ ਫੇਰੀ
ਕਾਲ ਬਲੀ ਨੇ ਮਾਰਿਆ ਨਾ ਲੱਗੀ ਦੇਰੀ
ਕਹੇ ਰਾਜਾ ਹਰਭਜਨ ਨਾ ਕੋਈ ਚੱਲਿਆ ਮੰ
ਮੋਤ ਡੈਣ ਨੇ ਖਾ ਲਿਆ ਝੱਟ ਵੈਦ ਧਨੰਤ

ਹੰਸ

ਸੁੱਚੇ ਮੋਤੀ ਚੁਗਦੇ ਹੰਸ ਨਾ ਡੱਡਾਂ ਖਾਣ
ਪਾਣੀ ਵਿੱਚੋਂ ਦੁੱਧ ਨੂੰ ਝੱਟ ਦੇਂਵਦੇ ਛਾਣ
ਝੱਟ ਦੇਂਵਦੇ ਛਾਣ ਦੁੱਧ ਨੂੰ ਜਾਂਦੇ ਪੀ
ਮਾਨ ਸਰੋਵਰ ਵੱਸਦੇ ਦੁਖੀ ਨਾ ਕਰਦੇ ਜੀ
ਕਹੇ ਰਾਜ਼ਾ ਹਰਭਜਨ ਹੋਂਵਦੇ ਸਭ ਤੋਂ ਉਚੇ
ਹੰਸ ਨਾ ਡੱਡਾਂ ਖਾਨ ਖਾਂਵਦੇ ਮੋਤੀ ਸੁੱਚੇ

ਬੇਰੀ

ਬੇਰੀ ਦੇਂਦੀ ਬੇਰ ਹੈ ਖਾ ਇੱਟਾਂ ਵੱਟੇ
ਛਾਂ ਦੇਂਦੀ ਹੈ ਸੰਘਨੀ ਉੱਗ ਮਿੱਟੀ ਘੱਟੇ
ਮਿਟੀ ਘੱਟੇ ਉੱਗਕੇ ਹੋਏ ਦੂਨ ਸਵਾਈ
ਲੇਖਾ ਮੰਗੇ ਮੂਲ ਨਾ ਗੱਲ ਸੱਚੀ ਭਾਈ
ਕਹੇ ਰਾਜ਼ਾ ਹਰਭਜਨ ਮੂਲ ਨਾ ਲਾਏ ਦੇਰੀ
ਵੱਟੇ ਖਾ ਕੇ ਬੇਰ ਫੇਰ ਵੀ ਦੇਵੇ ਬੇਰੀ

ਰੁੱਖ

ਗੁੱਸਾ ਖਾਵੇ ਰੁੱਖ ਨਾ ਚਾਹੇ ਕਿੰਨਾ ਵੱਢੇ
ਪੱਲੇ ਉਸ ਦੇ ਮੂਲ ਨਾ ਭਾਵੇਂ ਕੁਝ ਛੱਡੋ
ਛੱਡੋ ਪੱਲੇ ਕੁਝ ਨ ਪਰ ਫੇਰ ਵੀ ਦੇਵੇ
ਮਾਇਆ ਵੱਟੋ ਵੇਚਕੇ ਖਾਉ ਕਾਜੂ ਮੇਵੇ
ਕਹੇ ਰਾਜ੍ਹਾ ਹਰਭਜਨ ਕਦੇ ਵੀ ਨਾ ਹੈ ਰੂਸਾ
ਕਿੰਨਾ ਵੱਢੋ ਰੁੱਖ ਨੂੰ ਨਾ ਖਾਵੇ ਗੁਸਾ

ਇਸਤਰੀ

ਛੱਡੇ ਹੱਠ ਨਾ ਇਸਤਰੀ ਜੇ ਆਵੇ ਆਈ
ਭਾਵੇਂ ਉਸਦੇ ਸੀਸ ਤੇ ਜਾਏ ਤੇਗ ਚਲਾਈ
ਤੇਗ ਚਲਾਈ ਜਾਏ ਭਾਵੇਂ ਪਰ ਮੂਲ ਨਾ ਹੱਲੇ
ਭਾਵੇਂ ਉਸਦੇ ਕੱਖ ਵੀ ਨਾ ਹੋਵੇ ਪੱਲੇ
ਕਹੇ ਰਾਜ਼ਾ ਹਰਭਜਨ ਹਰੇ ਇਸ ਅੱਗੇ ਵੱਡੇ
ਸਿਰ ਜਾਏ ਤਾਂ ਜਾਏ ਇਸਤਰੀ ਹੱਠ ਨਾ ਛੱਡੇ

ਅੜੀਅਲ ਬੱਚਾ

ਬੱਚਾ ਅੜੀ ਨਾ ਛੱਡਦਾ ਹੋਏ ਅੜੀਅਲ ਪੂਰਾ
ਅੜਿਆ ਰਹਿੰਦਾ ਅੜੀ ਤੇ ਭਾਵੇਂ ਵੱਜੇ ਹੂਰਾ
ਹੂਰਾ ਵੱਜੇ ਓਸਨੂੰ ਪਰ ਅੱੜੀ ਨਾ ਛੱਡੇ
ਅੱਗੇ ਉਸਦੀ ਅੜੀ ਦੇ ਝੁਕ ਜਾਂਦੇ ਵੱਡੇ
ਕਹੇ ਰਾਜ਼ਾ ਹਰਭਜਨ ਹੋਂਵਦਾ ਅਕਲੋਂ ਕੱਚਾ
ਅੜਿਆ ਰਹਿੰਦਾ ਅੱੜੀ ਤੇ ਜੋ ਅੜੀਅਲ ਬੱਚਾ

ਰਾਜਾ

ਰਾਜਾ ਅੜੀ ਨਾ ਛੱਡਦਾ ਭਾਵੇਂ ਜਾਣ ਪ੍ਰਾਣ
ਲਛਕਰ ਸਣੇ ਦਮਾਮਿਆ ਹੋ ਜਾਵਣ ਵੈਰਾਨ
ਹੋ ਜਾਵਣ ਵੈਰਾਨ ਰਹਿਨ ਨਾ ਹਾਥੀ ਘੋੜੇ
ਰੁਲ ਜਾਵਨ ਵਿੱਚ ਖਾਕ ਦੇ ਜੋ ਕਲਗੀ ਤੋੜੇ
ਕਹੇ ਰਾਜ਼ਾ ਹਰਭਜਨ ਮਹਿਲ ਹੋ ਜਾਵਨ ਰੱੜੀ
ਭਾਵੇਂ ਜਾਣ ਪ੍ਰਾਨ 'ਰਾਜਾ' ਨਾ ਛੱਡਦਾ ਅੱੜੀ

ਮਾਤਾ

ਮਾਤਾ ਪਿਤਾ ਲਈ ਸਭ ਤੋਂ ਮਿੱਠੇ ਮੇਵੇ ਪੁੱਤ
ਪੁੱਤਾਂ ਨਾਲ ਹੀ ਆਂਵਦੀ ਮਾਪਿਆਂ ਉਤੇ ਰੁੱਤ
ਮਾਪਿਆਂ ਉਤੇ ਰੁੱਤ ਹੋਂਵਦੇ ਪੁੱਤ ਨਿਸ਼ਾਨੀ
ਪੁੱਤਾਂ ਨਾਲ ਹੀ ਵੱਧਦੀ ਸਮਝੋ ਜਿੰਦ ਗਾਨੀ
ਕਹੇ ਰਾਜ਼ਾ ਹਰਭਜਨ ਜੋੜਦੇ ਪੁੱਤਰ ਨਾਤਾ
ਸਭ ਤੋਂ ਪਿਆਰੀ ਹੋਂਵਦੀ ਪੁੱਤਰ ਨੂੰ ਮਾਤਾ

ਭੈਣਾਂ ਪਿਆਰੇ ਵੀਰ

ਭੈਣਾਂ ਤਾਈਂ ਹੋਂਵਦੇ ਬੜੇ ਪਿਆਰੇ ਵੀਰ
ਭੈਣਾਂ ਵਾਗਾਂ ਗੁੰਦੀਆਂ ਵੀਰ ਲਿਆਇਆ ਹੀਰ
ਵੀਰ ਲਿਆਇਆ ਹੀਰ ਭੈਣ ਨੇ ਘੋੜੀ ਗਾਈ
ਪੱਬ ਨਾ ਲੱਗੇ ਧਰਤ ਤੇ ਹੋਏ ਦੂੰਨ ਸਵਾਈ
ਕਹੇ ਰਾਜ਼ਾ ਹਰਭਜਨ ਵੀਰ ਨੇ ਸੁੱਚਾ ਗਹਿਣਾ
ਸਭ ਤੋਂ ਪਿਆਰੇ ਵੱਧ ਵੀਰ ਨੇ ਹੋਂਦੇ ਭੈਣਾ

ਭਰਤ

ਭਰਤ ਪਿਆਰਾ ਸਭ ਤੋਂ ਰਾਮ ਚੰਦਰ ਦਾ ਵੀਰ
ਰਾਮ ਗਏ ਬਨਵਾਸ ਨੂੰ ਦਿਲ ਨਾ ਧਰਦਾ ਧੀਰ
ਦਿਲ ਨਾ ਧਰਦਾ ਧੀਰ ਤਖਤ ਖੜਾਵਾਂ ਧਰੀਆਂ
ਅੱਖਾਂ ਵਿੱਚੋਂ ਵਗੀਆਂ ਹੰਝੂਆਂ ਦੀਆਂ ਝੜੀਆਂ
ਕਹੇ ਰਾਜ਼ਾ ਹਰਭਜਨ ਰੱਖੀ ਸੀ ਇੱਕੋ ਸ਼ਰਤ
ਰਾਜ ਕਰਨਗੇ ਰਾਮ ਹੀ ਰਾਜ ਕਰੇ ਨਾ ਭਰਤ

ਸਰਵਨ

ਆਗਿਆ ਕਾਰੀ ਸਭ ਤੋਂ ਹੋਇਆ ਸਰਵਨ ਪੁੱਤ
ਸੈਰ ਕਰਾਈ ਮਾਪਿਆਂ ਨੂੰ ਮੋਢਿਆਂ ਤੇ ਚੁੱਕ
ਨੂੰ ਮੋਢਿਆਂ ਤੇ ਚੁੱਕ ਤੀਰਥ ਸੀ ਘੁੰਮੇ ਸਾਰੇ
ਜਾਨ ਨਾਲੋਂ ਸੀ ਵੱਧ ਓਸਨੂੰ ਮਾਪੇ ਪਿਆਰੇ
ਕਹੇ ਰਾਜਾ ਹਰਭਜਨ ਆਖਦੇ ਸਭ ਸੰਸਾਰੀ
ਸਰਵਨ ਪੁੱਤਰ ਸਭ ਤੋਂ ਸੀ ਆਗਿਆ ਕਾਰੀ

ਭੁੱਖ ਦਾ ਦੁੱਖ

ਦੁੱਖ ਭੁੱਖ ਦਾ ਵੀਰਨੋ ਸਭ ਤੋਂ ਵੱਡਾ ਜਾਣ
ਖਾਕੇ ਸੁੱਤਾ ਰਾਤ ਨੂੰ ਦਿਨੇ ਖਲੋਤੀ ਆਨ
ਦਿਨੇ ਖਲੋਤੀ ਆਨ ਏਸਨੂੰ ਕਿਹੜਾ ਰੋਕੇ
ਨੱਚੇ ਢਿੱਡ ਵਿੱਚ ਆਣ ਦੇਂਵਦੀ ਫਿਰਦੀ ਹੋਕੇ
ਕਹੇ ਰਾਜ੍ਹਾ ਹਰਭਜਨ ਭੁੱਖ ਨੇ ਅੱਡਿਆ ਮੁੱਖ
ਸਭ ਤੋਂ ਵੱਡਾ ਹੋਂਵਦਾ ਵੀਰੋ ਭੁੱਖ ਦਾ ਦੁੱਖ

ਮਾਇਆ ਧਾਰੀ

ਬੋਲਾ ਅੰਨਾ ਹੋਂਵਦਾ ਅੱਤ ਮਾਇਆ ਧਾਰੀ
ਮਾਇਆ ਵਿੱਚ ਗਲਤਾਨ ਹੋ ਮਤ ਜਾਂਦੀ ਮਾਰੀ
ਮਾਰੀ ਜਾਂਦੀ ਮਤ ਹੈ ਇਹ ਦੁਨਿਆਂ ਜਾਣੇ
ਵਿੱਸਰ ਜਾਂਦੇ ਸਾਕ ਸੈਨ ਇਹ ਕਹਿਣ ਸਿਆਣੇ
ਕਹੇ ਰਾਜ੍ਹਾ ਹਰਭਜਨ ਬਣੇ ਮਾਇਆ ਦਾ ਗੋਲਾ
ਮਾਇਆ ਧਾਰੀ ਹੋਂਵਦਾ ਅੱਤ ਅੰਨਾ ਬੋਲਾ

ਰਾਮ ਬਨਬਾਸ

ਰਾਮ ਗਏ ਬਨਬਾਸ ਨੂੰ ਲਛਮਨ ਤੁਰਿਆ ਨਾਲ
ਜੰਗਲਾਂ ਦੇ ਵਿੱਚ ਜਾਕੇ ਹੋਇਆ ਮੰਦਾ ਹਾਲ
ਹੋਇਆ ਮੰਦਾ ਹਾਲ ਸੀਤਾ ਨੂੰ ਰਾਵਣ ਹਰਿਆ
ਯੁੱਧ ਮੱਚਿਆ ਘਮਾਸਾਨ ਰਾਮ ਤੋਂ ਰਾਵਣ ਮਰਿਆ
ਕਹੇ ਰਾਜ਼ਾ ਹਰਭਜਨ ਫੇਰ ਮੁੜ ਆਏ ਗ੍ਰਾਮ
ਚੌਦਾਂ ਸਾਲ ਬਨਬਾਸ ਕੱਟ ਘਰ ਆ ਗਏ ਰਾਮ

ਚੰਦੂ ਨੂੰ ਨੱਥ ਪਾਈ

ਖਾਂਦਾ ਜੁਤੀਆਂ ਆ ਗਿਆ ਚੰਦੂ ਵਿੱਚ ਲਹੌਰ
ਭੜਭੂੰਜੇ ਨੇ ਤੱਕਿਆ ਉਸ ਵੱਲ ਕਰਕੇ ਗੌਰ
ਉਸ ਵੱਲ ਕਰਕੇ ਗੌਰ ਆਗਿਆ ਚੰਦੂ ਹਾਤੀ
ਸਿਰ ਵਿੱਚ ਕੜਛਾ ਮਾਰ ਓਸ ਦੀ ਅੱਲਖ ਮੁਕਾਤੀ
ਕਹੇ ਰਾਜ਼ਾ ਹਰਭਜਨ ਨਰਕਾਂ ਨੂੰ ਰੋਂਦਾ ਜਾਂਦਾ
ਮਰ ਗਿਆ ਚੰਦੂ ਚੰਦਰਾ ਜੁੱਤੀਆਂ ਹੀ ਖਾਂਦਾ

ਗੁਰੂ ਅਰਜਨ

ਰੇਤਾ ਤੱਤੀ ਪਾਕੇ ਗੁਰ ਅਰਜਨ ਕੀਏ ਸ਼ਹੀਦ
ਰੋਇਆ ਭੁੱਬਾਂ ਮਾਰਕੇ ਮੀਆਂ ਮੀਰ ਮੁਰੀਦ
ਮੀਆਂ ਮੀਰ ਮੁਰੀਦ ਕਹੇ ਗੁਰ ਜੀ ਅਜਮਾਓ
ਦਿੱਲੀ ਲਹੌਰ ਭਿੜਾ ਦਿਆਂ ਮੁੱਖ ਤੋਂ ਫਰਮਾਓ
ਕਹੇ ਰਾਜ੍ਹਾ ਹਰਭਜਨ ਮੁੱਖੋਂ ਬੋਲੇ ਗੁਰ ਨੇਤਾ
ਧੀਰਜ ਰੱਖੋ ਪੀਰ ਲੱਗੇ ਨਾ ਤੱਤੀ ਰੇਤਾ

ਨਾਮੇ ਦੀ ਛੰਨ

ਹੱਥੀਂ ਬੱਧੀ ਪ੍ਰਭੂ ਨੇ ਨਾਮ ਦੇਵ ਦੀ ਛੰਨ
ਆਈ ਪੜੋਸਨ ਦੋੜਕੇ ਮੇਰੀ ਵੀ ਗੱਲ ਮੰਨ
ਮੇਰੀ ਵੀ ਗੱਲ ਮੰਨ ਛੰਨ ਮੇਰੀ ਬੰਨਵਾਦੇ
ਮੈਂ ਦਿਆਂ ਮਜੂਰੀ ਦੂੱਗਨੀ ਮੇਰੇ ਦੁੱਖ ਗਵਾਦੇ
ਕਹੇ ਰਾਜ੍ਹਾ ਹਰਭਜਨ ਗੱਲ ਵਿੱਚ ਹੋਵੇ ਸੱਥੀਂ
ਨਾਮ ਦੇਵ ਦੀ ਪ੍ਰਭੂ ਨੇ ਬੱਧੀ ਛੰਨ ਹੱਥੀਂ

ਮੋਈ ਗਊ ਜਵਾਈ

ਮੋਈ ਗਊ ਜਵਾਲ ਦੇਨ ਭਗਤਾਂ ਵਡਿਆਈ
ਕਰ ਅਸਵਾਰੀ ਗੱਰੁੜ ਦੀ ਪਹੁੰਚੇ ਰਘੁਰਾਈ
ਪਹੁੰਚੇ ਰਘੁਰਾਈ ਜਦੋਂ ਹੋਈ ਫਿਰ ਬੱਲੇ ਬੱਲੇ
ਬਾਦ ਸ਼ਾਹ ਝੱਟ ਝੁੱਕ ਗਿਆ ਸੀ ਚਰਨਾ ਵੱਲੇ
ਕਹੇ ਰਾਜ਼ਾ ਹਰਭਜਨ ਕਰੇ ਜੋ ਹੋਵੇ ਸੋਈ
ਮਾਣ ਵਧਾਇਆ ਭਗਤ ਦਾ ਜਵਾਲ ਕੇ ਗਊ ਮੋਈ

ਦੇਅਉਰਾ ਫੇਰਿਆ

ਫੇਰ ਦੇਅਉਰਾ ਭਗਤ ਦੀ ਕੀਤੀ ਉੱਚੀ ਸ਼ਾਨ
ਚਰਨੀ ਲੱਗੇ ਭਗਤ ਦੀ ਪੰਡਤਾਂ ਤੁੱਟਾ ਮਾਣ
ਪੰਡਤਾਂ ਤੁੱਟਾ ਮਾਨ ਭਗਤ ਦੀ ਸੋਭਾ ਕਰਦੇ
ਹੋਏ ਸਭ ਅਧੀਨ ਜੋ ਸੀ ਸੜ ਸੜ ਮਰਦੇ
ਕਹੇ ਰਾਜ਼ਾ ਹਰਭਜਨ ਲਾਈ ਨਾ ਉਕਾ ਦੇਰ
ਸ਼ਾਨ ਵਧਾਈ ਭਗਤ ਦੀ ਝੱਟ ਦਿਓਰਾ ਫੇਰ

ਮੁਕਤ ਨਾ ਹੋਵੇ

ਗੰਗਾ ਗਿਆਂ ਮੁਕਤ ਨਾ ਹੋਵੇ ਨਾ ਹੀ ਮੱਕੇ ਜਾਇਆਂ
ਨਾ ਹੋਵੇਂ ਗੁਰ ਬਾਣੀ ਪੜ੍ਹਿਆਂ ਨਾ ਤੀਰਥੀਂ ਨ੍ਹਾਇਆਂ
ਨਾ ਤੀਰਥੀ ਨਾਏ ਹੋਏ ਨਾ ਜਟਾਂ ਵਧਾਇਆਂ
ਨਾ ਧੂੰਨਿਆਂ ਤੱਪ ਨਾ ਸਿਰ ਪਾਣੀ ਪਾਇਆਂ
ਕਹੇ ਰਾਜ਼ਾ ਹਰਭਜਨ ਪ੍ਰਤੀਤ ਕਰੋ ਸੱਤ ਸੰਗਾ
ਮੁੱਕਤ ਹੋਏ ਪ੍ਰਤੀਤ ਸੰਗ ਨਾ ਨ੍ਹਾਤੇ ਗੰਗਾ

ਦਰੋਪਤੀ

ਮਾਰੀ ਕੂਕ ਦਰੋਪਤੀ ਲੈ ਹਰੀ ਦਾ ਨਾਮ
ਲਾਜ ਮੇਰੀ ਅੱਜ ਰੱਖਣੀ ਬੰਸੀ ਵਾਲੇ ਸ਼ਾਮ
ਬੰਸੀ ਵਾਲੇ ਸ਼ਾਮ ਆਈ ਦੁਸ਼ਟਾਂ ਹੱਥ ਮਾੜੀ
ਐਸੀ ਕ੍ਰਿਪਾ ਕਰ ਹਰੀ ਨਾ ਮੁੱਕੇ ਸਾੜ੍ਹੀ
ਕਹੇ ਰਾਜ੍ਹਾ ਹਰਭਜਨ ਰੱਖ ਲਈ ਲਾਜ ਮੁਰਾਰੀ
ਕਹਿਕੇ ਹੇ ਭਗਵਾਨ ਕੂਕ ਜਾਂ ਦਰੋਪਤ ਮਾਰੀ

ਨਸ਼ਾ

ਗਾਲੇ ਨਸ਼ਾ ਸਰੀਰ ਨੂੰ ਜਿਸਨੂੰ ਜਾਵੇ ਲੱਗ
ਪੱਲੇ ਛੱਡੇ ਕੱਖ ਨਾ ਆਖੇ ਸਾਰਾ ਜੱਗ
ਆਖੇ ਸਾਰਾ ਜੱਗ ਫੇਰ ਵੀ ਜਾਣ ਲਗਾਈ
ਖਾ ਪੀਕੇ ਕਈ ਡਿੱਗ ਦੇ ਵਿੱਚ ਗੰਦੀ ਖਾਈ
ਕਹੇ ਰਾਜ਼ਾ ਹਰਭਜਨ ਅਕਲ ਨੂੰ ਵੱਜੇ ਤਾਲੇ
ਨਸ਼ਾ ਬੀਮਾਰੀ ਚੰਦਰੀ ਹੱਡਾਂ ਨੂੰ ਗਾਲੇ

ਲੈਲਾ

ਲੈਲਾ ਲੈਲਾ ਕਰਦਾ ਮਜਨੂੰ ਜੁੜਿਆ ਰੱਬ ਦੇ ਨਾਲ
ਅੱਜ ਓਸ ਦਾ ਟਿੱਲਾ ਵੇਖੋ ਬੱਣਿਆ ਉੱਚ ਮਿਸਾਲ
ਬੱਣਿਆ ਉੱਚ ਮਿਸਾਲ ਪੂਜਦੀ ਦੁਨੀਆਂ ਸਾਰੀ
ਜਾਕੇ ਸੀਸ ਝੁਕਾਂਵਦੇਂ ਸਭ ਨਰ ਤੇ ਨਾਰੀ
ਕਹੇ ਰਾਜ੍ਹਾ ਹਰਭਜਨ ਲੱਗਦਾ ਓਥੇ ਮੇਲਾ
ਮਜਨੂੰ ਹੋਇਆ ਅਮਰ ਆਖ ਕੇ ਲੈਲਾ ਲੈਲਾ

ਪਾਰਸ

ਛੋਹ ਪਾਰਸ ਸੱਤ ਧਾਤ ਨੂੰ ਕਰਦਾ ਬਹੁ ਮੁੱਲਾ
ਉਹ ਜਾਕੇ ਕੋਲ ਸਰਾਫ਼ ਦੇ ਹੋ ਤੋਲੇ ਤੁੱਲਾ
ਹੋ ਤੋਲੇ ਤੁੱਲਾ ਜਦੋਂ ਫੇਰ ਦੇਖ ਬਣ ਗਈ ਭਾਰੀ
ਧਰਤੀ ਪੱਬ ਨਾ ਲੱਗਦਾ ਪਾਇਆ ਨਰ ਨਾਰੀ
ਕਹੇ ਰਾਜ਼ਾ ਹਰਭਜਨ ਸਭ ਨੂੰ ਲੈਂਦਾ ਮੋਹ
ਬਹੁ ਮੁੱਲਾ ਬਣ ਜਾਏ ਲੋਹ ਪਾਰਸ ਸੰਗ ਛੋਹ

ਮਾਇਆ

ਮਾਇਆ ਦਾ ਹੈ ਰਾਜ ਮਾਇਆ ਬਿਨ ਕੰਮ ਨਾ ਚੱਲੇ
ਇਸਦੇ ਨਾਲ ਹੀ ਹੋਂਵਦੀ ਹੈ ਬੱਲੇ ਬੱਲੇ
ਬੱਲੇ ਬੱਲੇ ਹੋਂਵਦੀ ਤੇ ਹੋਨ ਸਲਾਮਾਂ
ਮਾਇਆ ਨਾਲ ਹੀ ਉੱਡਦੀ ਗੁੱਡੀ ਅਸਮਾਨਾ
ਕਹੇ ਰਾਜ਼ਾ ਹਰਭਜਨ ਹੈ ਹੱਥੀਂ ਅਜਮਾਇਆ
ਜਿਹੜਾ ਕੰਮ ਨਾ ਹੋ ਸੱਕੇ ਕਰਵਾਂਦੀ ਮਾਇਆ

ਦੁਰਜੋਧਨ

ਬਾਰਾਂ ਜੋਜਨ ਛੱਤਰ ਹੇਠ ਜੋ ਤੁਰਿਆ ਰਾਜਾ
ਇੱਕ ਦਿਨ ਉਹ ਵੀ ਆਣਕੇ ਸੀ ਧਰਤ ਬਰਾਜਾ
ਸੀ ਧਰਤ ਬਰਾਜਾ ਆਨ ਦੇਹੀ ਨਾ ਗਿਰਝਾਂ ਖਾਈ
ਨਾ ਢੁੱਕਨ ਵਾਸਤੇ ਓਸਦਾ ਕੋਈ ਬਚਿਆ ਭਾਈ
ਕਹੇ ਰਾਜ਼ਾ ਹਰਭਜਨ ਕਿਸੇ ਨਾ ਲਈਆਂ ਸਾਰਾ
ਛੱਤਰ ਹੇਠ ਸੀ ਚੱਲਿਆ ਜੋ ਜੋਜਨ ਬਾਰਾਂ

ਤਿੰਨਾਂ ਲੋਕਾਂ ਦਾ ਰਾਜਾ

ਲੋਕਾਂ ਤਿੰਨਾਂ ਵਿੱਚ ਸੀ ਜਿਸ ਰਾਜ ਕਮਾਇਆ
ਇੱਕ ਦਿਨ ਉਸ ਦਾ ਹੋ ਗਿਆ ਸੀ ਸਫਨ ਸਫਾਇਆ
ਸਫਨ ਸਫਾਇਆ ਹੋ ਗਿਆ ਖਾਲੀ ਹੱਥ ਤੁਰਿਆ
ਜਾ ਸੁੱਤਾ ਵਿੱਚ ਜੀਰਾਨ ਦੇ ਰੇਤੇ ਜਿਉਂ ਖੁਰਿਆ
ਕਹੇ ਰਾਜ੍ਹਾ ਹਰਭਜਨ ਕਿਸੇ ਨਾ ਲਾਈਆਂ ਰੋਕਾਂ
ਰਾਜ ਕਮਾਇਆ ਜਿਸ ਨੇ ਵਿੱਚ ਤਿੰਨਾਂ ਲੋਕਾਂ

ਕੁੰਡਲੀਆ

ਮਾਪਿਆਂ ਨੂੰ ਦੁੱਖ

ਦੇਨ ਦੁੱਖ ਜੋ ਮਾਪਿਆ ਨਾਂਹੀਂ ਸੁੱਖ ਪਾਂਦੇ
ਆਣ ਬੱਣੇ ਜੱਦ ਆਪ ਤੇ ਪਿੱਛੋਂ ਪੱਛਤਾਂਦੇ
ਪਿੱਛੋਂ ਨੇ ਪਛਤਾਂਵਦੇ ਜਦ ਦੇਣੀ ਆਵੇ
ਲੋਕੀਂ ਫਿਟਕਾਂ ਪਾਂਵਦੇ ਫਿਰ ਪੇਸ਼ ਨਾ ਜਾਵੇ
ਕਹੇ ਰਾਜ਼ਾ ਹਰਭਜਨ ਗੱਲ ਹੈ ਅਸਲੀ ਮੇਨ
ਸੁਖ ਕਦੇ ਨਾ ਪਾਂਵਦੇ ਜੋ ਮਾਪਿਆਂ ਦੁੱਖ ਦੇਨ

ਜੋ ਸੁਖ ਦੇਨ

ਸੁੱਖ ਦੇਨ ਜੋ ਮਾਪਿਆਂ ਪਾਂਦੇ ਸੁੱਖ ਅਨੇਕ
ਸੋਭਾ ਖੱਟਦੇ ਜੱਗ ਤੋਂ ਨਾਲੇ ਬੱਣਦੇ ਨੇਕ
ਨਾਲੇ ਬੱਣਦੇ ਨੇਕ ਤੇ ਦੁੱਧ ਪੁੱਤੀਂ ਨਾਵ੍ਹਨ
ਸੀਸਾਂ ਪਾਕੇ ਮਾਪਿਆਂ ਨਿੱਤ ਕਾਜੂ ਖਾਵਨ
ਕਹੇ ਰਾਜ਼ਾ ਹਰਭਜਨ ਹੋਂਵਦੇ ਅਸਲ ਮਨੁੱਖ
ਚੰਗੇ ਪੁੱਤ ਅਖਵਾਂਵਦੇ ਦੇਣ ਜੋ ਮਾਪਿਆ ਸੁੱਖ

ਔਰੰਗ ਜ਼ੇਬ ਦੀ ਭੈਣ

ਭੈਣ ਕਹੇ ਔਰੰਗਜ਼ੇਬ ਦੀ ਸੁੱਣ ਮੇਰੇ ਭਾਈ
ਤੂੰ ਅਦਲ ਨਾ ਕੀਤਾ ਅੱਜ ਤੱਕ ਰਹੀ ਵੇਖ ਲੁਕਾਈ
ਰਹੀ ਵੇਖ ਲੋਕਾਈ ਤੂੰ ਹੈ ਜੋ ਕਹਿਰ ਕਮਾਇਆ
ਵੀਰ ਦਾਰੇ ਨੂੰ ਮਾਰਿਆ ਪਿਉ ਕੈਦੇ ਪਾਇਆ
ਕਹੇ ਰਾਜ੍ਹਾ ਹਰਭਜਨ ਤੈਥੋਂ ਸਭ ਲੋਕ ਤਰ੍ਹੈਣ
ਆਖਰ ਲੇਖਾ ਦੇਵਨਾ ਕਹਿੰਦੀ ਤੇਰੀ ਭੈਣ

ਭਰਿਸ਼ਟਾਚਾਰ

ਭਰਿਸ਼ਟਾਚਾਰ ਦਾ ਹੋ ਗਿਆ ਵੇਖੋ ਗਰਮ ਬਾਜ਼ਾਰ
ਰੌਲਾ ਪਾਕੇ ਬੈਠ ਗਏ ਕਈ ਅੰਤ ਨੂੰ ਹਾਰ
ਕਈ ਅੰਤ ਨੂੰ ਹਾਰ ਅਫਸਰਾਂ ਮੂੰਹ ਨੇ ਅੱਡੇ
ਖਾ ਖਾ ਕੇ ਤੇ ਨੋਟ ਕਈਆਂ ਨੇ ਗੋਗੜ ਛੱਡੇ
ਕਹੇ ਰਾਜ਼ਾ ਹਰਭਜਨ ਦੁੱਖੀ ਸਭ ਨਰ ਤੇ ਨਾਰ
ਦਿਨੋ ਦਿਨ ਵੱਧਦਾ ਜਾ ਰਿਹਾ ਵੇਖੋ ਭਰਿਸ਼ਟਾਚਾਰ

ਮਸ਼ੀਨਰੀ

ਆਈ ਬਹੁਤ ਮਸ਼ੀਨਰੀ ਹੋਇਆ ਕੰਮ ਅਸਾਨ
ਕਰਵਟ ਬਦਲੀ ਸਮੇਂ ਨੇ ਸੁਖੀ ਹੋਏ ਕ੍ਰਿਸਾਨ
ਸੁਖੀ ਹੋਏ ਕ੍ਰਿਸਾਨ ਮਿੰਟ ਵਿੱਚ ਔਂਦੇ ਦਾਣੇ
ਧੁੱਪੇ ਫਲਿਆਂ ਨਾਲ ਸਨ ਜੋ ਪੈਂਦੇ ਗਾਹਣੇ
ਕਹੇ ਰਾਜ੍ਹਾ ਹਰਭਜਨ ਹੋਂਵਦੀ ਫੁੱਲ ਕਮਾਈ
ਹੋਇਆ ਕੰਮ ਅਸਾਨ ਜਦੋਂ ਦੀ ਹੈ ਇਹ ਆਈ

ਹੰਕਾਰ

ਕਰਦੇ ਜੋ ਹੰਕਾਰ ਨੇ ਕਦੇ ਨਾ ਪਾਂਦੇ ਸੁੱਖ
ਸੁੱਖ ਆਪਣੇ ਵਾਸਤੇ ਕਈਆਂ ਦੇਵਣ ਦੁੱਖ
ਕਈਆਂ ਦੇਵਣ ਦੁੱਖ ਜੋ ਕਰਦੇ ਮਨ ਆਈ
ਭੁੱਲ ਜਾਂਵਦੇ ਕਈਆਂ ਨੂੰ ਮਾਂ ਪਿਉ ਤੇ ਭਾਈ
ਕਹੇ ਰਾਜ਼ਾ ਹਰਭਜਨ ਜਿੱਤ ਕੇ ਬਾਜੀ ਹਰਦੇ
ਸੁਖ ਕਦੇ ਨਾ ਪਾਂਵਦੇ ਹੰਕਾਰ ਜੋ ਕਰਦੇ

ਜਤੀ

ਛੇ ਜਤੀ ਇਸ ਜ਼ਗਤ ਵਿੱਚ ਹੋਏ ਨੇ ਪ੍ਰਸਿਧ
ਹਨੂੰਮਾਨ ਲਛਮਨ ਤੇ ਭੈਰੋਂ ਚੌਥਾ ਗੋਰਖ ਸਿੱਧ
ਚੌਥਾ ਗੋਰਖ ਸਿੱਧ ਪੰਜਵਾਂ ਨਾਹਰ ਸਿੰਘ ਬੀਰ
ਛੇਵਾਂ ਪੂਰਨ ਭਗਤ ਹੈ ਜਿਸ ਤੇ ਹੋਈ ਅਖੀਰ
ਕਹੇ ਰਾਜ਼ਾ ਹਰਭਜਨ ਅੰਤ ਸਭ ਹੋ ਗਏ ਖੇਹ
ਪ੍ਰਸਿਧ ਹੋਏ ਇਸ ਜਗਤ ਵਿੱਚ ਜੱਤੀ ਵੀਰਨੋ ਛੇ

ਸਾਵਨ ਸੁਹਾਣਾ

ਕਾਲੀ ਘੱਟਾ ਤੇ ਬਰਸਨ ਕਣੀਆਂ ਤਾਂ ਸੁਹਾਵੇ ਸਾਵਨ
ਖੀਰਾਂ ਪੂੜੇ ਬਣਦੇ ਹੋਵਨ ਬੱਦਲੀਂ ਚਮਕੇ ਦਾਂਮਨ
ਬੱਦਲੀਂ ਚਮਕੇ ਦਾਂਮਨ ਕੰਜਕਾਂ ਪੀਂਘ ਚੜ੍ਹਣ
ਗਿੱਧਾ ਪਾਵਨ ਲੱਕ ਮੱਟਕਾਵਨ ਗੀਤ ਖ਼ੁਸ਼ੀ ਦੇ ਗਾਣ
ਕਹੇ ਰਾਜ੍ਹਾ ਹਰਭਜਨ ਖ਼ੁਸ਼ੀ ਸਭ ਹੋਵਨ ਪਾਲੀ
ਸਾਵਨ ਸੋਹੇ ਤਾਂ ਘਟਾ ਚੱੜ੍ਹ ਆਏ ਕਾਲੀ

ਸਾਵਨ

ਟੋਬੇ ਛੱਪੜ ਭਰਨ ਡੱਡੂ ਵਿੱਚ ਲਾਵਨ ਤਾਰੀ
ਮੋਰ ਬਬੀਹੇ ਬੋਲਦੇ ਹੋਨ ਖੁਸ਼ੀ ਨਰ ਨਾਰੀ
ਖੁਸ਼ੀ ਹੋਨ ਨਰ ਨਾਰ ਛੱਪੜਾਂ ਵਿੱਚ ਹੋਵਨ ਕੰਮੀਆਂ
ਨਦੀਆਂ ਨਾਲੇ ਭਰਨ ਤੇ ਉੱਡ ਜਾਵਨ ਕਮੀਆਂ
ਕਹੇ ਰਾਜ੍ਹਾ ਹਰਭਜਨ ਫਸਲਾਂ ਸਭ ਹੋਵਣ ਗੋਭੇ
ਸਾਵਨ ਸਰਸ ਮਨਾ ਘਨ ਬਰਸ ਭਰਨ ਛੱਪੜ ਤੇ ਟੋਭੇ

ਤੀਆਂ

ਤੀਆਂ ਖੇਡਨ ਤੀਵੀਆਂ ਸਾਵਨ ਦੇ ਵਿੱਚ ਆਣ
ਪਿਪਲੀ ਪੀਘਾਂ ਝੂਟਕੇ ਅੱਧ ਅਸਮਾਨੀ ਜਾਣ
ਅੱਧ ਅਸਮਾਨੀ ਜਾਨ ਝੂਟਨ ਕੁੱੜੀਆਂ ਤੇ ਚਿੜੀਆਂ
ਸੱਜ ਵਿਆਹੀਆਂ ਨਾਲ ਵੇਖ ਬੁੱਢੀਆਂ ਵੀ ਤਿੜੀਆਂ
ਕਹੇ ਰਾਜ਼ਾ ਹਰਭਜਨ ਖੁਸ਼ੀਆਂ ਸੰਗ ਖਿੜਿਆ ਜੀਆ
ਸਾਵਨ ਮਾਂਹ ਵਿੱਚ ਜਾਣ ਤੀਵੀਂਆਂ ਖੇਡਨ ਤੀਆਂ

ਸੱਚ ਤੇ ਝੂਠ

ਸੱਚ ਝੂਠ ਦੀ ਕਿਤੇ ਵੀ ਹੈ ਨਹੀ ਅੱਜ ਪਛਾਨ
ਝੂਠ ਦਬਾਏ ਸੱਚ ਨੂੰ ਸੁਣ ਲੌ ਸਭ ਵਿਦਵਾਨ
ਸੁਣ ਲੌ ਸਭ ਵਿਦਵਾਨ ਝੂਠਦੀ ਚੱਲੇ ਗੱਡੀ
ਝੂਠਾ ਕੰਮ ਕਰਾ ਲਵੋਂ ਬੱਸ ਦੇ ਕੇ ਵੱਢੀ
ਕਹੇ ਰਾਜ੍ਹਾ ਹਰਭਜਨ ਸਭ ਦਾ ਭਰਿਆ ਗੱਚ
ਝੂਠਾ ਮੌਜਾਂ ਮਾਣਦਾ ਭੁੱਖਾ ਮਰਦਾ ਸੱਚ

ਵੀ.ਪੀ.ਐਲ. ਬੱਚਾ

ਬੱਚਾ ਵੀ.ਪੀ.ਐਲ. ਪ੍ਰਵਾਰ ਦਾ ਬਣਿਆ ਆਈ.ਏ.ਐਸ.
ਜੋ ਬਿਲਕੁਲ ਨੀਵੀ ਜਾਤ ਦਾ ਰਿਹਾ ਨਾਲ ਗਰੀਬੀ ਪਿਸ
ਰਿਹਾ ਨਾਲ ਗਰੀਬੀ ਪਿਸ ਉਹ ਬਣਿਆ ਸੁਲਤਾਨ
ਭੁੱਜੇ ਉਗੇ ਓਸਦੇ ਵੇਖੋ ਹੋਇਆ ਏ ਹੁਕਮਰਾਨ
ਕਹੇ ਰਾਜ੍ਹਾ ਹਰਭਜਨ ਨਾਲ ਖੁਸ਼ੀਆਂ ਦੇ ਨੱਚਾ
ਵੀ.ਪੀ.ਐਲ. ਪ੍ਰਵਾਰ ਦਾ ਆਈ.ਏ.ਐਸ. ਬਣਿਆ ਬੱਚਾ

ਬ੍ਰਹਮਾ

ਬ੍ਰਹਮਾ ਜੀ ਹੈ ਸਿਰਜਦਾ ਲੱਖ ਚੁਰਾਸੀ ਜੂੰਨ
ਬ੍ਰਹਿਮਨ ਖੱਤਰੀ ਸੂਦ ਵੈਸ਼ ਸਭ ਬ੍ਰਹਮਾ ਦਾ ਖੂੰਨ
ਸਭ ਬ੍ਰਹਮਾ ਦਾ ਖੂੰਨ ਬ੍ਰਹਮਾ ਜੀ ਹੈ ਘੁਮਿਆਰ
ਬ੍ਰਹਮ ਬਿੰਦ ਤੇ ਉਪਜਦੇ ਸਭ ਹੀ ਨਰ ਨਾਰ
ਕਹੇ ਰਾਜ਼ਾ ਹਰਭਜਨ ਕਿਉਂ ਵਿੱਚ ਪੈਂਦੇ ਭਰਮਾ
ਲੱਖ ਚੌਰਾਸੀ ਜੂੰਨ ਨੂੰ ਪਿਆ ਸਿਰਜੇ ਬ੍ਰਹਮਾ

ਇੱਕੋ ਮਾਟੀ

ਮਾਟੀ ਇੱਕ ਤੋਂ ਭਾਂਤ ਭਾਂਤ ਦੇ ਘੜ੍ਹੇ ਭਾਂਡੇ ਘੁਮਿਆਰ
ਘੜ੍ਹਾ ਕੁੱਜਾ ਤੇ ਦੀਵਾ ਨਾਲੇ ਚੱਪਨੀ ਘੜ੍ਹੇ ਸੁਆਰ
ਚੱਪਨੀ ਘੜ੍ਹੇ ਸੁਆਰ ਨਾਲੇ ਝੱਜਰ ਤੇ ਝਾਰੀ
ਠੰਡਾ ਪਾਣੀ ਪੀਂਵਦੇ ਸਭ ਨਰ ਤੇ ਨਾਰੀ
ਕਹੇ ਰਾਜ਼ਾ ਹਰਭਜਨ ਘੜ੍ਹੇ ਰਿੜਕਨ ਲਈ ਚਾਟੀ
ਭਾਂਤ ਭਾਂਤ ਦੇ ਭਾਂਡੇ ਘੜ੍ਹਦਾ ਸਭ ਦੀ ਇੱਕੋ ਮਾਟੀ

ਇੱਕੋ ਮਾਈ

ਮਾਈ ਇੱਕੋ ਜੱਗ ਦੀ ਚੇਲੇ ਤਿੰਨ ਵੀਚਾਰ
ਬ੍ਰਹਮਾ ਘੱੜਦਾ ਵਿਸ਼ਨੂੰ ਪਾਲੇ ਸ਼ਿਵਜੀ ਕਰੇ ਸੰਘਾਰ
ਸ਼ਿਵਜੀ ਕਰੇ ਸੰਘਾਰ ਜਿੱਦ੍ਹੇ ਤੋਂ ਦੁਨੀਆਂ ਡਰਦੀ
ਕੱਢੇ ਜਦੋਂ ਪ੍ਰਾਨ ਜਿੰਦ ਹੈ ਥੱਰ ਥੱਰ ਕਰਦੀ
ਕਹੇ ਰਾਜ੍ਹਾ ਹਰਭਜਨ ਰਾਤ ਦਿਨ ਦਾਇਆ ਦਾਈ
ਲੱਖ ਚੁਰਾਸੀ ਜੂੰਨ ਦੀ ਹੈ ਇੱਕੋ ਮਾਈ

ਨਾਸ਼ ਵਾਨ

ਚੰਦ ਸੂਰਜ ਅਕਾਸ਼ ਤੇ ਨਾ ਰਹਿਸੀ ਧਰਤੀ
ਬ੍ਰਹਮਾ ਬਿਸ਼ਨ ਮਹੇਸ਼ ਰਹੇ ਨਾ ਅਸਲੋਂ ਸ਼ਰਤੀ
ਅਸਲੋਂ ਸ਼ਰਤੀ ਰਹੇ ਨਾ ਕੋਈ ਪੀਰ ਪੈਗੰਬਰ
ਰਹਿਸੀ ਇੱਕ ਅਕਾਲ ਹੋਰ ਸਭ ਝੂਠ ਅਡੰਬਰ
ਕਹੇ ਰਾਜ਼ਾ ਹਰਭਜਨ ਕਹਿ ਗਏ ਅਕਲ ਵੰਦ
ਰਾਣਾ ਰਾਉ ਨਾ ਰਹੇ ਨਾ ਸੂਰਜ ਚੰਦ



"ਦੈਆ ਸਿੰਘ ਅਠੋਤਰੀ ਪਕੜ ਮਾਲਾ,
ਰੁੱਸੇ ਰੱਬ ਨੂੰ ਫੇਰ ਮਨਾਉਣ ਲੱਗਾ।"

ਹਰਭਜਨ ਸਿੰਘ ਰਾਜ੍ਹਾ ਕਵੀ ਹੈ ਅਤੇ ਬੁੱਢਾ ਵੀ ਹੋ ਗਿਆ ਹੈ, ਇਸ ਲਈ ਉਸਨੇ ਰੱਬ ਨੂੰ, ਜੇ ਕੋਈ ਹੈ ਅਤੇ ਜੇ ਉਸ ਤੋਂ ਰੁੱਸਿਆ ਹੋਇਆ ਸਮਝਦਾ ਹੈ ਤਾਂ ਉਨਦੀਆਂ ਮਾਲਾ ਦੀ ਥਾਂ ਉਸਨੇ ਕੁੰਡਲੀਏ ਦੀ ਅਠੋਤਰੀ ਫੇਰ ਛੱਡੀ ਹੈ। ਸੰਗ੍ਰਹਿ ਦੀਆਂ ਕੁੰਡਲੀਆਂ ਦੀ ਗਿਣਤੀ 108 ਹੈ। ਉਮੀਦ ਹੈ ਰਾਜਾ ਜੀ ਸੱਦਗਤੀ ਨੂੰ ਪਰਾਪਤ ਹੋਣਗੇ ਅਤੇ ਹੋਰ ਮੋਖ ਅਭਿਲਾਖੀ ਵੀ ਇਸ ਦੇ ਪਾਠ ਦਾ ਲਾਹਾ ਜ਼ਰੂਰ ਲੈਣਗੇ।

ਸੁਵਰਨ ਸਿੰਘ ਵਿਰਕ
ਕਰੀਵਾਲਾ (ਸਿਰਸਾ)